Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 19 | Wednesday, January 27, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕਿਸਾਨ ਅੰਦੋਲਨਕਾਰੀਆਂ ਵਿਚੋਂ ਕੁਝ ਨੇ ਲਾਲ ਕਿਲ੍ਹੇ ਉੱਤੇ ਜਾ ਕੇ ਝੰਡੇ ਫਹਿਰਾਏ

## * ਮੁਜ਼ਾਹਰਾਕਾਰੀਆਂ ਤੇ ਪੁਲਿਸ ਦਰਮਿਆਨ ਹੋਈ ਝੜਪ * ਪੁਲਿਸ ਨੇ ਕੀਤਾ ਲਾਠੀਚਾਰਜ, ਅੱਥਰੂਗੈਸ ਦੇ ਗੋਲੇ ਵੀ ਦਾਗੇ

ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ) : ਹਜ਼ਾਰਾਂ ਦੀ ਗਿਣਤੀ ਵਿੱਚ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਭਾਰਤੀ ਕਿਸਾਨ ਅੱਜ ਬੈਰੀਕੇਡ ਤੋੜ ਕੇ ਇਤਿਹਾਸਕ ਲਾਲ ਕਿਲ੍ਹੇ ਦੇ ਅੰਦਰ ਦਾਖਲ ਹੋ ਗਏ ਤੇ ਉੱਥੇ ਝੰਡੇ ਫਹਿਰਾ ਦਿੱਤੇ। ਇਸ ਦੌਰਾਨ ਕਈ ਥਾਂਵਾਂ ਉੱਤੇ ਕਿਸਾਨਾਂ ਦੀ ਪੁਲਿਸ ਨਾਲ ਝੜਪ ਵੀ ਹੋਈ ਤੇ ਕਿਸਾਨਾਂ ਨੂੰ ਖਿੰਡਾਉਣ ਲਈ ਪੁਲਿਸ ਵੱਲੋਂ ਕਈ ਥਾਂਵਾਂ ਉੱਤੇ ਲਾਠੀ ਚਾਰਜ ਕਰਨ ਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀਆਂ ਖਬਰਾਂ ਵੀ ਮਿਲੀਆਂ।

ਜ਼ਿਕਰਯੋਗ ਹੈ ਕਿ ਕਿਸਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਉਤਪਾਦਕਾਂ ਦੇ ਸਿਰ ਉੱਤੇ ਪ੍ਰਾਈਵੇਟ ਖਰੀਦਦਾਰਾਂ ਨੂੰ ਫਾਇਦਾ ਪਹੁੰਚਾਉਣ ਲਈ ਤਿਆਰ ਕੀਤੇ ਗਏ ਹਨ। ਪਿਛਲੇ ਲੱਗਭਗ ਦੋ ਮਹੀਨੇ ਤੋਂ ਇਹ ਕਿਸਾਨ ਦਿੱਲੀ ਦੇ ਬਾਹਰਵਾਰ ਧਰਨਾ ਲਾਈ ਬੈਠੇ ਹਨ। ਇਸ ਨਾਲ 2014 ਵਿੱਚ ਸੱਤਾ ਵਿੱਚ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਖਤਰਾ ਖੜ੍ਹਾ ਹੋ ਗਿਆ ਹੈ।



ਇਸ ਮੌਕੇ ਝੜਪ ਦੌਰਾਨ ਟਰੈਕਟਰ ਪਲਟ ਜਾਣ ਕਾਰਨ ਇੱਕ ਅੰਦੋਲਨਕਾਰੀ ਦੀ ਮੌਤ ਹੋ ਗਈ ਤੇ ਉਸ ਦੀ ਲਾਸ਼ ਨੂੰ ਤਿਰੰਗੇ ਝੰਡੇ ਵਿੱਚ ਲਪੇਟ ਕੇ ਸੈਂਟਰਲ ਦਿੱਲੀ ਦੀ ਸੜਕ ਉੱਤੇ ਹੀ ਰੱਖਿਆ ਗਿਆ। ਇੱਕ ਚਸ਼ਮਦੀਦ ਨੇ ਆਖਿਆ ਕਿ ਪੰਜ ਪੁਲਿਸ ਵਾਲੇ ਤੇ ਤਿੰਨ ਮੁਜ਼ਾਹਰਾਕਾਰੀ ਲਾਲ ਕਿਲ੍ਹੇ ਉੱਤੇ ਜ਼ਖਮੀ ਹੋ ਗਏ। ਇਹ ਵੀ ਪਤਾ ਲੱਗਿਆ ਹੈ ਕਿ ਕੁੱਝ ਰੋਹ ਵਿੱਚ ਆਏ ਕਿਸਾਨਾਂ ਨੇ ਪੁਲਿਸ ਵੱਲੋਂ ਟਰੈਕਟਰਾਂ ਲਈ ਤੈਅ ਕੀਤੇ ਗਏ ਰੂਟ ਨੂੰ ਨਹੀਂ ਮੰਨਿਆ। ਪੁਲਿਸ ਨਾਲ ਹੋਈ ਝੜਪ ਵਿੱਚ ਅੰਦੋਲਨਕਾਰੀਆਂ ਨੇ ਬੈਰੀਕੇਡ ਵੀ ਤੋੜ ਦਿੱਤੇ।

# ਪ੍ਰਾਊਡ ਬੌਇਜ਼ ਨੂੰ ਅੱਤਵਾਦੀ ਜੱਥੇਬੰਦੀ ਐਲਾਨਣ ਲਈ ਹਾਊਸ ਆਫ ਕਾਮਨਜ਼ ਵੱਲੋਂ ਮਤਾ ਪਾਸ



ਓਟਵਾ, 26 ਜਨਵਰੀ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਫੈਡਰਲ ਸਰਕਾਰ ਤੋਂ ਪ੍ਰਾਊਡ ਬੌਇਜ਼ ਨਾਂ ਦੇ ਸੱਜੇ ਪੱਖੀ ਗਰੁੱਪ ਨੂੰ ਅੱਤਵਾਦੀ ਜਥੇਬੰਦੀ ਐਲਾਨੇ ਜਾਣ ਦੀ ਮੰਗ ਕੀਤੀ ਗਈ ਹੈ।

ਇਹ ਮਤਾ ਆਪਣੇ ਆਪ ਵਿੱਚ ਕਾਫੀ ਨਹੀਂ ਹੈ ਤੇ ਇਸ ਨਾਲ ਰਸਮੀ ਤੌਰ ਉੱਤੇ ਕੋਈ ਤਬਦੀਲੀ ਨਹੀਂ ਹੋ ਸਕੇਗੀ, ਹਾਲਾਂਕਿ ਸੱਜੇ ਪੱਖੀ ਅੱਤਵਾਦ ਖਿਲਾਫ ਇਹ ਕਾਫੀ ਸਖ਼ਤ ਕਦਮ ਹੈ। ਮੂਲ ਰੂਪ ਵਿੱਚ ਕੈਨੇਡਾ ਵਿੱਚ ਕਾਇਮ ਕੀਤੇ ਗਏ ਇਸ ਪ੍ਰਾਊਡ ਬੌਇਜ਼ ਗਰੁੱਪ ਨੇ ਬੜੇ ਹੀ ਨਾਟਕੀ ਢੰਗ ਨਾਲ ਅਮਰੀਕਾ ਵਿੱਚ ਆਪਣੀਆਂ ਜੜ੍ਹਾਂ ਮਜ਼ਬੂਤ ਕੀਤੀਆਂ। ਇਹ ਗਰੁੱਪ ਵਾਸ਼ਿੰਗਟਨ ਵਿੱਚ ਕੈਪੀਟਲ ਹਿੱਲ ਉੱਤੇ ਬੋਲੇ ਗਏ ਧਾਵੇ ਦੌਰਾਨ ਵੀ ਮੌਜੂਦ ਸੀ। ਇਸ ਦੇ ਕੁੱਝ ਹਾਈ ਪ੍ਰੋਫਾਈਲ ਮੈਂਬਰਾਂ ਨੂੰ ਵੀ ਉਦੋਂ ਤੋਂ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।

ਹਾਲਾਂਕਿ ਇਸ ਮਤੇ ਦੇ ਪਾਸ ਹੋਣ ਨਾਲ ਕੋਈ ਤਬਦੀਲੀਆਂ ਨਹੀਂ ਹੋ ਸਕਣਗੀਆਂ ਪਰ ਫੈਡਰਲ ਪਬਲਿਕ ਸੇਫਟੀ ਮੰਤਰੀ ਪਹਿਲਾਂ ਹੀ ਇਹ ਆਖ ਚੁੱਕੇ ਹਨ ਕਿ ਉਹ ਸਬੂਤ ਇੱਕਠੇ ਕਰ ਰਹੇ ਹਨ ਤੇ ਲਾਅ ਐਨਫੋਰਸਮੈਂਟ ਏਜੰਸੀਆਂ ਨਾਲ ਵੀ ਉਨ੍ਹਾਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ ਤਾਂ ਕਿ ਇਸ ਤਰ੍ਹਾਂ ਦਾ ਰਸਮੀ ਐਲਾਨ ਕੀਤਾ ਜਾ ਸਕੇ। ਮਾਹਿਰਾਂ ਅਨੁਸਾਰ ਦੋ ਕੈਨੇਡੀਅਨ ਪ੍ਰਾਊਡ ਬੌਇਜ਼ ਧੜ੍ਹਿਆਂ ਦੇ ਆਨਲਾਈਨ ਪਲੇਟਫਾਰਮਜ਼ ਉੱਤੇ ਕਾਰਵਾਈ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

# ਟਰੂਡੋ ਨੇ ਮੌਡਰਨਾ ਦੇ ਸੀਈਓ ਨਾਲ ਕੀਤੀ ਗੱਲ

## ਸਤੰਬਰ ਤੱਕ ਸਾਰੇ ਕੈਨੇਡੀਅਨਾਂ ਦਾ ਟੀਕਾਕਰਣ ਪੂਰਾ ਹੋਣ ਦੀ ਪ੍ਰਧਾਨ ਮੰਤਰੀ ਨੂੰ ਆਸ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਫਾਈਜ਼ਰ-ਬਾਇਓਐਨਟੈਕ ਦੀ ਖੇਪ ਵਿੱਚ ਦੇਰ ਹੋਣ ਦਰਮਿਆਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੋਵਿਡ-19 ਵੈਕਸੀਨ ਨੂੰ ਜਲਦ ਹਾਸਲ ਕਰਨ ਦਾ ਭਾਵੇਂ ਸਾਰਿਆਂ ਨੂੰ ਭਰੋਸਾ ਦਿਵ-ਾਇਆ ਜਾ ਰਿਹਾ ਹੈ ਪਰ ਵਿਰੋਧੀ ਧਿਰਾਂ ਇਸ ਉੱਤੇ ਯਕੀਨ ਕਰਨ ਲਈ ਤਿਆਰ ਨਹੀਂ ਹਨ।

ਕੰਜ਼ਰਵੇਟਿਵ ਹੈਲਥ ਕ੍ਰਿਟਿਕ ਮਿਸ਼ੇਲ ਰੈਂਪਲ ਗਾਰਨਰ ਨੇ ਚਿੰਤਾ ਪ੍ਰਗਟਾਉਂਦਿਆਂ ਆਖਿਆ ਕਿ ਯੂਰਪੀਅਨ ਯੂਨੀਅਨ ਵੱਲੋਂ ਸੰਭਾਵੀ ਤੌਰ ਉੱਤੇ ਲਾਈ ਗਈ ਪਾਬੰਦੀ ਨਾਲ ਕੈਨੇਡਾ ਨੂੰ ਹਾਸਲ ਹੋਣ ਵਾਲੀ ਇਸ ਵੈਕਸੀਨ ਦੀ ਸਪਲਾਈ ਵਿੱਚ ਵੱਡਾ ਵਿਘਣ ਪੈ ਸਕਦਾ ਹੈ। ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਕੈਨੇਡਾ ਨੂੰ ਨਿਰਧਾਰਤ ਡੋਜ਼ਾਂ ਵਾਅਦੇ ਮੁਤਾਬਕ ਮਾਰਚ ਦੇ ਅੰਤ ਤੱਕ ਮਿਲ ਜਾਣਗੀਆਂ।



ਮੰਗਲਵਾਰ ਦੇਰ ਰਾਤ ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਆਖਿਆ ਕਿ ਉਨ੍ਹਾਂ ਵੱਲੋਂ ਮੌਡਰਨਾ ਦੇ ਸੀਈਓ ਸਟੀਫਨ ਬੈਂਸਲ ਨਾਲ ਗੱਲ ਕੀਤੀ ਗਈ ਹੈ, ਜਿਨ੍ਹਾਂ ਵੱਲੋਂ ਇਹ ਭਰੋਸਾ ਦਿਵਾਇਆ ਗਿਆ ਹੈ ਕਿ ਕੈਨੇਡਾ ਨੂੰ ਸਮੇਂ ਸਿਰ ਵੈਕਸੀਨ ਦੀ ਵਾਧੂ ਖੇਪ ਹਾਸਲ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਅਸੀਂ ਉਸ ਟਰੈਕ ਉੱਤੇ ਹਾਂ ਜਿੱਥੇ ਹਰ ਕੈਨੇਡੀਅਨ, ਜਿਹੜਾ ਵੈਕਸੀਨ ਲਵਾਉਣੀ ਚਾਹੁੰਦਾ ਹੈ, ਉਸ ਵੈਕਸੀਨ ਨੂੰ ਸਤੰਬਰ ਤੱਕ ਹਾਸਲ ਕਰ ਲਵੇਗਾ।

ਬੈਲਜੀਅਮ ਵਿਚਲੇ ਆਪਣੇ ਪਲਾਂਟ ਦੇ ਪਸਾਰ ਕਾਰਨ ਫਾਈਜ਼ਰ ਦਾ ਧਿਆਨ ਉੱਧਰ ਲੱਗਿਆ ਹੋਇਆ ਹੈ ਤੇ ਇਸੇ ਲਈ ਵੈਕਸੀਨ ਦੀ ਸਪਲਾਈ ਵਿੱਚ ਕਮੀ ਆ ਰਹੀ ਹੈ। ਐਸਟ੍ਰਾਜ਼ੈਨੇਕਾ ਵੱਲੋਂ ਯੂਰਪ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਤਪਾਦਨ ਦੇ ਮੁੱਦਿਆਂ ਕਾਰਨ ਉਨ੍ਹਾਂ ਦੀ ਵੈਕਸੀਨ ਦੀਆਂ ਸ਼ੁਰੂਆਤੀ ਡਲਿਵਰੀਜ਼ ਘੱਟ ਰਹਿਣਗੀਆਂ। ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਯੂਰਪ ਇਸ ਹਫਤੇ ਦੇ ਅੰਤ ਤੱਕ ਇਸ ਦੀ ਵਰਤੋਂ ਨੂੰ ਮਨਜ਼ੂਰੀ ਦੇ ਸਕਦਾ ਹੈ। ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਗਲੇ ਹਫਤੇ ਤੱਕ ਫਾਈਜ਼ਰ-ਬਾਇਓਐਨਟੈਕ ਦੀਆਂ 26,325 ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ, ਜੋ ਕਿ ਪਹਿਲਾਂ ਕੀਤੀ ਜਾ ਰਹੀ ਉਮੀਦ ਨਾਲੋਂ ਕਾਫੀ ਘੱਟ ਹਨ।

# ਮਿਸੀਸਾਗਾ ਵਿੱਚ ਦੋ ਗੱਡੀਆਂ ਆਪਸ ਵਿੱਚ ਟਕਰਾਈਆਂ, ਇੱਕ ਗੰਭੀਰ ਜ਼ਖ਼ਮੀ

ਮਿਸੀਸਾਗਾ, 26 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਡਿਕਸੀ ਰੋਡ ਤੇ ਵਿਨਡਿੰਗ ਟਰੇਲ ਨੇੜੇ ਹੋਏ ਇਸ ਹਾਦਸੇ ਦੀਆਂ ਖਬਰਾਂ ਮਿਲਣ ਤੋਂ ਬਾਅਦ ਫਰਸਟ ਰਿਸਪਾਂਡਰਜ਼ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਸ਼ੁਰੂਆਤੀ ਰਿਪੋਰਟ ਵਿੱਚ ਆਖਿਆ ਕਿ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਪਰ ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਸਬੰਧਤ ਵਿਅਕਤੀ ਬੇਸੁੱਧ ਹੋ ਗਿਆ ਸੀ ਪਰ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਬਚਾਅ ਲਿਆ ਗਿਆ।

ਪਰ ਅਜੇ ਵੀ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮੇਜਰ ਕੌਲੀਜ਼ਨ ਬਿਊਰੋ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਡਿਕਸੀ ਰੋਡ ਨੂੰ ਜਾਂਚ ਲਈ ਬਰਨਹੈਮਥੌਰਪ ਰੋਡ ਈਸਟ ਤੇ ਵਿਨਡਿੰਗ ਟਰੇਲ ਦਰਮਿਆਨ ਬੰਦ ਕੀਤਾ ਗਿਆ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit · LMIA / Work permit · Permanent Residency · Family Sponsorship · Nanny · Visitor Visa · Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1 Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc.
Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਰਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਇੱਕ ਘਰ ਵਿੱਚ ਕਾਰਬਨ ਮੋਨੋਆਕਸਾਈਡ ਦੀ ਵਧੇਰੇ ਮਾਤਰਾ ਪਾਏ ਜਾਣ ਕਾਰਨ ਇੱਕ ਦੀ ਮੌਤ

## 4 ਹੋਰਨਾਂ ਨੂੰ ਤਬੀਅਤ ਵਿਗੜਨ ਕਾਰਨ ਲਿਜਾਇਆ ਗਿਆ ਹਸਪਤਾਲ

ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਬ੍ਰਾਈਡਲਪਾਥ ਤੇ ਲਾਅਰੈਂਸ ਐਵਨਿਊ ਈਸਟ ਏਰੀਆ ਦੇ ਇੱਕ ਘਰ ਵਿੱਚ ਕਾਰਬਨ ਮੋਨੋਆਕਸਾਈਡ ਦੀ ਵਧੇਰੇ ਮਾਤਰਾ ਪਾਏ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਚਾਰ ਹੋਰਨਾਂ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਮਵਾਰ ਰਾਤੀਂ 8:51 ਉੱਤੇ ਮੈਡੀਕਲ ਐਮਰਜੰਸੀ ਦੱਸ ਕੇ ਇਸ ਇਲਾਕੇ ਵਿੱਚ ਸੱਦਿਆ ਗਿਆ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਨੇ ਆਖਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇੱਕ ਬਜ਼ੁਰਗ ਮਹਿਲਾ ਤੇ ਬੱਚੇ ਨੂੰ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਇਸ ਘਰ ਵਿੱਚ ਲੋਕਾਂ ਦੀ ਮਦਦ ਕਰਨ ਵਾਲੇ ਦੋ ਪੁਲਿਸ ਅਧਿਕਾਰੀਆਂ ਨੂੰ ਵੀ ਹਸਪਤਾਲ ਲਿਜਾਏ ਜਾਣ ਦੀ ਲੋੜ ਪਈ। ਇਨ੍ਹਾਂ ਵਿਅਕਤੀਆਂ ਨੂੰ ਕਿਹੋ ਜਿਹੀ ਤਕਲੀਫ ਹੋਈ ਹੈ ਉਸ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ।

ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕਈ ਗੱਡੀਆਂ ਦੀ ਟੱਕਰ ਵਿੱਚ ਦੋ ਲੜਕੀਆਂ ਦੀ ਹੋਈ ਮੌਤ

ਬਰਲਿੰਗਟਨ, 26 ਜਨਵਰੀ (ਪੋਸਟ ਬਿਊਰੋ) : ਬਰਲਿੰਗਟਨ ਵਿੱਚ ਕਿਊਈਡਬਲਿਊ ਉੱਤੇ ਕਈ ਗੱਡੀਆਂ ਦਰਮਿਆਨ ਹੋਈ ਟੱਕਰ ਵਿੱਚ ਦੋ ਲੜਕੀਆਂ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਸਵੇਰੇ 6:00 ਵਜੇ ਤੋਂ ਠੀਕ ਪਹਿਲਾਂ ਬਰਲਿੰਗਟਨ ਓਪੀਪੀ ਦੀ ਇੱਕ ਟੀਮ ਮੌਕੇ ਉੱਤੇ ਪਹੁੰਚੀ ਤੇ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬਰੈਂਟ ਸਟਰੀਟ ਉੱਤੇ ਕਿਊਈਡਬਲਿਊ ਉੱਤੇ ਹੋਏ ਹਾਦਸੇ ਵਿੱਚ ਚਾਰ ਗੱਡੀਆਂ ਸ਼ਾਮਲ ਹਨ। ਓਪੀਪੀ ਨੇ ਦੱਸਿਆ ਕਿ ਉਨ੍ਹਾਂ ਮੁਤਾਬਕ ਇਸ ਹਾਦਸੇ ਵਿੱਚ ਮਾਰੀਆਂ ਗਈਆਂ ਲੜਕੀਆਂ ਆਪਣੇ 20ਵਿਆਂ ਵਿੱਚ ਸਨ ਤੇ ਇੱਕੋ ਗੱਡੀ ਵਿੱਚ ਸਨ।



ਪੁਲਿਸ ਨੇ ਦੱਸਿਆ ਕਿ ਉਹ ਪੱਛਮ ਵੱਲ ਜਾ ਰਹੀਆਂ ਸਨ ਤੇ ਜਿਵੇਂ ਹੀ ਪੂਰਬ ਵਾਲੀਆਂ ਲੇਨਜ਼ ਵੱਲ ਮੁੜੀਆਂ ਤਾਂ ਉਨ੍ਹਾਂ ਦੀ ਆਹਮੋ ਸਾਹਮਣੀ ਟੱਕਰ ਇੱਕ ਕਾਰ ਤੇ ਪਿੱਕਅੱਪ ਟਰੱਕ ਨਾਲ ਹੋ ਗਈ। ਦੋਵਾਂ ਲੜਕੀਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਤੇ ਟੱਕਰ ਕਾਰਨ ਇੱਕ ਲੜਕੀ ਗੱਡੀ ਵਿੱਚੋਂ ਹੀ ਬਾਹਰ ਜਾ ਡਿੱਗੀ। ਓਪੀਪੀ ਨੇ ਦੱਸਿਆ ਕਿ ਮ੍ਰਿਤਕ ਲੜਕੀਆਂ ਓਵਨ ਸਾਊਂਡ ਤੇ ਕੈਂਬ੍ਰਿਜ ਇਲਾਕੇ ਤੋਂ ਸਨ। ਇੱਕ ਚੌਥੀ ਗੱਡੀ ਵੀ ਇਸ ਹਾਦਸੇ ਵਿੱਚ ਸ਼ਾਮਲ ਸੀ। ਪਰ ਉਹ ਪਲਟ ਕੇ ਖੱਡ ਵਿੱਚ ਜਾ ਡਿੱਗੀ। ਪੁਲਿਸ ਅਧਿਕਾਰੀ ਇਸ ਹਾਦਸੇ ਲਈ ਤੇਜ ਰਫਤਾਰ ਨੂੰ ਕਾਰਨ ਮੰਨਣ ਤੋਂ ਵੀ ਇਨਕਾਰ ਨਹੀਂ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਿਸ ਸਮੇਂ ਹਾਦਸਾ ਹੋਇਆ ਉਸ ਸਮੇਂ ਨਾ ਹੀ ਬਹੁਤਾ ਟਰੈਫਿਕ ਸੀ ਤੇ ਨਾ ਹੀ ਮੌਸਮ ਖਰਾਬ ਸੀ। ਇਸ ਹਾਦਸੇ ਵਿੱਚ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

# ਟੋਰਾਂਟੋ ਦੇ ਸਪੈਸ਼ਲ ਨੀਡਜ਼ ਸਕੂਲ ਵਿੱਚ 22 ਐਜੂਕੇਸ਼ਨ ਵਰਕਰਜ਼ ਨੇ ਸੇਵਾਵਾਂ ਦੇਣ ਤੋਂ ਕੀਤਾ ਇਨਕਾਰ

ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਸੇਫਟੀ ਸਬੰਧੀ ਚਿੰਤਾਵਾਂ ਨੂੰ ਲੈ ਕੇ 22 ਐਜੂਕੇਸ਼ਨਲ ਅਸਿਸਟੈਂਟਸ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਸੇਵਾਵਾਂ ਦੇਣ ਤੋਂ ਮਨ੍ਹਾਂ ਕਰਨ ਉਪਰੰਤ ਟੋਰਾਂਟੋ ਦੇ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਨੂੰ ਹੋਰਨਾਂ ਸਕੂਲਾਂ ਤੋਂ ਲਿਆਂਦਾ ਗਿਆ।



45 ਅਜਿਹੇ ਵਿਦਿਆਰਥੀ ਇਸ ਸਮੇਂ ਬਾਲਡਵਿਨ ਸਟਰੀਟ ਉੱਤੇ ਸਥਿਤ ਬੈਵਰਲੀ ਸਕੂਲ ਜਾਂਦੇ ਹਨ। ਟੋਰਾਂਟੋ ਐਜੂਕੇਸ਼ਨ ਵਰਕਰਜ਼ ਯੂਨੀਅਨ ਦੇ ਪ੍ਰੈਜ਼ੀਡੈਂਟ ਜੌਹਨ ਵੈਦਰਅੱਪ ਦਾ ਕਹਿਣਾ ਹੈ ਕਿ ਸਟਾਫ ਤੇ ਮਾਪੇ ਸਕੂਲ ਵਿੱਚ ਰੈਪਿਡ ਟੈਸਟਿੰਗ ਮੰਗਦੇ ਹਨ। ਵੈਦਰਅੱਪ ਨੇ ਆਖਿਆ ਕਿ ਇਹ ਸੱਭ ਸਪੈਸ਼ਲ ਸਿੱਖਿਆ ਤੇ ਕੋਵਿਡ-19 ਕਾਰਨ ਹੋ ਰਿਹਾ ਹੈ। ਸਰਕਾਰ ਵੱਲੋਂ ਸਕੂਲ ਬੋਰਡ ਨੂੰ ਸਹੀ ਢੰਗ ਨਾਲ ਫੰਡ ਮੁਹੱਈਆ ਨਹੀਂ ਕਰਵਾਏ ਜਾ ਰਹੇ ਤੇ ਸਪੈਸ਼ਲ ਸਿੱਖਿਆ ਲਈ ਤਾਂ ਖਾਸਤੌਰ ਉੱਤੇ ਫੰਡ ਨਹੀਂ ਦਿੱਤੇ ਜਾ ਰਹੇ।

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨਾਲ ਦਿੱਕਤ ਇਹ ਹੈ ਕਿ ਉਹ ਮਾਸਕ ਫਾੜ ਦਿੰਦੇ ਹਨ ਤੇ ਇਹ ਸਟਾਫ ਲਈ ਵੀ ਦਿੱਕਤ ਵਾਲੀ ਗੱਲ ਹੈ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦਾ ਕਹਿਣਾ ਹੈ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਗੱਲਬਾਤ ਚੱਲ ਰਹੀ ਹੈ। ਟੀਡੀਐਸਬ ਦੇ ਤਰਜ਼ਮਾਨ ਸ਼ੈਰੀ ਸ਼ਵਾਰਟਜ਼-ਮਾਲਟਜ਼ ਦਾ ਕਹਿਣਾ ਹੈ ਕਿ ਲੋਕਲ ਸਕੂਲ ਦੇ ਐਡਮਨਿਸਟ੍ਰੇਟਰਜ਼ ਵੱਲੋਂ ਮਦਦ ਕੀਤੀ ਜਾ ਰਹੀ ਹੈ।

ਮਾਲਟਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਿਹੜੇ ਐਜੂਕੇਸ਼ਨ ਅਸਿਸਟੈਂਟ ਇਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਖਿਆਲ ਰੱਖਦੇ ਹਨ ਉਹ ਕਮਾਲ ਦੇ ਹਨ ਪਰ ਜਿਨ੍ਹਾਂ ਅਧਿਆਪਕਾਂ ਤੇ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਅਸੀਂ ਲੋਕਲ ਸਕੂਲਾਂ ਤੋਂ ਲੈ ਕੇ ਆਏ ਹਾਂ ਉਹ ਵੀ ਕਮਾਲ ਹਨ ਤੇ ਸਾਡੇ ਇਨ੍ਹਾਂ ਬੱਚਿਆਂ ਨੂੰ ਨਵਾਂ ਸਿੱਖਣ ਵਿੱਚ ਮਦਦ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਸਮੱਸਿਆ ਦੇ ਹੱਲ ਲਈ ਸਾਡੇ ਕੋਲ ਬੋਰਡ ਵਿੱਚ ਕਈ ਹੋਰ ਸਰੋਤ ਹਨ ਜਿਵੇਂ ਕਿ ਸਪੀਚ ਪੈਥੋਲੋਜਿਸਟ, ਬਿਹੇਵੀਅਰਲ ਥੈਰੇਪਿਸਟ ਤੇ ਹੈਲਥ ਤੇ ਸੇਫਟੀ ਥੈਰੇਪਿਸਟ ਆਦਿ।

# ਸਿਮਕੋਅ ਮਸਕੋਕਾ ਰੀਜਨ ਦੇ 99 ਹੋਰ ਲੋਕਾਂ ਵਿੱਚ ਯੂਕੇ ਵੇਰੀਐਂਟ ਮਿਲਣ ਦੀ ਸੰਭਾਵਨਾ

ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਪਬਲਿਕ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਮਕੋਅ ਮਸਕੋਕਾ ਰੀਜਨ ਵਿੱਚ ਕੋਵਿਡ-19 ਲਈ ਪਾਜ਼ੀਟਿਵ ਪਾਏ ਗਏ 99 ਹੋਰ ਲੋਕਾਂ ਵਿੱਚ ਯੂਕੇ ਵਾਲਾ ਕੋਵਿਡ-19 ਵੇਰੀਐਂਟ ਮਿਲਣ ਦੀ ਸੰਭਾਵਨਾ ਹੈ।




ਸਿਮਕੋਅ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਬਹੁਤੇ ਮਾਮਲੇ ਬੈਰੀ, ਓਨਟਾਰੀਓ ਲਾਂਗ ਟਰਮ ਕੇਅਰ ਹੋਮ, ਜਿਸ ਵਿੱਚ 46 ਲੋਕਾਂ ਦੀ ਮੌਤ ਹੋ ਗਈ ਸੀ ਤੇ 200 ਤੋਂ ਵੱਧ ਸੰਕ੍ਰਮਣ ਦਾ ਸ਼ਿਕਾਰ ਹੋਏ ਸਨ, ਨਾਲ ਸਬੰਧਤ ਹਨ। ਸਿਮਕੋਅ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ (ਐਸਐਮਡੀਐਚਯੂ) ਲਈ ਮੈਡੀਕਲ ਆਫੀਸਰ ਆਫ ਹੈਲਥ ਡਾ॰ ਚਾਰਲਜ਼ ਗਾਰਡਨਰ ਨੇ ਆਖਿਆ ਕਿ ਇਨ੍ਹਾਂ ਨਤੀਜਿਆਂ ਬਾਰੇ ਸਾਡੀ ਜਾਂਚ ਅਜੇ ਮੁੱਢਲੇ ਪੜਾਅ ਵਿੱਚ ਹੈ, ਪਰ ਇੰਜ ਲੱਗਦਾ ਹੈ ਕਿ ਦੋ ਵਿਅਕਤੀਆਂ ਵਿੱਚ ਯੂਨਾਈਟਿਡ ਕਿੰਗਡਮ ਵੇਰੀਐਂਟ ਦੇ ਕੋਈ ਲੱਛਣ ਨਹੀਂ ਹੈ।

ਇਹ ਡਾਟਾ ਕੋਵਿਡ -19 ਦੇ ਟੈਸਟ ਦੀ ਸਕਰੀਨਿੰਗ ਕਰਨ ਵਾਲੇ ਪਬਲਿਕ ਹੈਲਥ ਓਨਟਾਰੀਓ ਵੱਲੋਂ ਕੀਤੇ ਜਾ ਰਹੇ ਅਧਿਐਨ ਤੋਂ ਆਇਆ ਹੈ। ਇਹ ਅਧਿਐਨ ਵਾਇਰਸ ਦੇ ਨਵੇਂ ਵੇਰੀਐਂਟਸ ਦਾ ਪਤਾ ਲਾਉਣ ਲਈ ਕੀਤਾ ਜਾ ਰਿਹਾ ਹੈ। ਲੋਕਲ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਅਜੇ ਵੀ ਉਸ ਜਾਂਚ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਹਨ ਜਿਨ੍ਹਾਂ ਵਿੱਚ ਇਹ ਪਤਾ ਲੱਗ ਸਕੇਗਾ ਕਿ 99 ਲੋਕਾਂ ਨੂੰ ਇਨਫੈਕਟ ਕਰਨ ਲਈ ਕਿਹੜਾ ਵੇਰੀਐਂਟ ਜ਼ਿੰਮੇਵਾਰ ਹੈ।

ਇਸ ਤੋਂ ਪਹਿਲਾਂ ਬੈਰੀ ਲਾਂਗ ਟਰਮ ਕੇਅਰ ਹੋਮ ਵਿੱਚ ਹੋਈ ਆਊਟਬ੍ਰੇਕ ਵਿੱਚ ਵੀ ਕੁੱਝ ਕੁ ਵਿੱਚ ਯੂਕੇ ਵੇਰੀਐਂਟ ਮਿਲ ਚੁੱਕਿਆ ਹੈ। ਗਾਰਡਨਰ ਨੇ ਆਖਿਆ ਕਿ ਜੇ ਇਹ ਕਮਿਊਨਿਟੀ ਵਿੱਚ ਹੁਣ ਤੱਕ ਨਹੀਂ ਫੈਲਿਆ ਤਾਂ ਇਸ ਦੇ ਜਲਦ ਫੈਲਣ ਦਾ ਖਦਸ਼ਾ ਹੈ।



## ਅੱਜ ਨਾਮਾ

ਹੋਇਆ ਦਿੱਲੀ ਦੇ ਵਿੱਚ ਜੋ ਬੁਰਾ ਹੋਇਆ,
ਇਹੀ ਪਹਿਲਾਂ ਸੀ ਕਈਆਂ ਨੂੰ ਸ਼ੱਕ ਬੇਲੀ।
ਲੀਡਰ ਰਹਿ ਗਏ ਕਿਸਾਨਾਂ ਦੇ ਇੱਕ ਬੰਨੇ,
ਲੈ ਗਏ ਭੀੜਾਂ ਕਈ ਹੋਰ ਸਨ ਧੱਕ ਬੇਲੀ।
ਵੱਢਿਆ ਨੱਕ ਗਿਆ ਆਖਦਾ ਕੋਈ ਪਿੱਛੋਂ,
ਕਹਿੰਦਾ ਕੋਈ, ਬਈ ਤੋੜਿਆ ਲੱਕ ਬੇਲੀ।
ਹੋਇਆ ਚਰਚਾ ਤੋਂ ਲਾਂਭੇ ਹੈ ਅਸਲ ਮੁੱਦਾ,
ਦੂਸਰੀ ਬਹਿਸ ਨੇ ਲਿਆ ਉਹ ਢੱਕ ਬੇਲੀ।
ਹਾਲਤ ਕੱਲ੍ਹ ਦੀ ਅੱਜ ਨਾ ਨਜ਼ਰ ਆਉਂਦੀ,
ਬਣ ਗਏ ਅਸਲੋਂ ਹਨ ਹੋਰ ਹਾਲਾਤ ਬੇਲੀ।
ਲਹਿ ਕੇ ਲੀਹ ਤੋਂ ਗੱਡੀ ਪਈ ਹੋਰ ਰਸਤੇ,
ਬਣਨੀ ਸੌਖੀ ਨਹੀਂ ਪਹਿਲੜੀ ਬਾਤ ਬੇਲੀ।

**ਤੀਸ ਮਾਰ ਖਾਂ**

# ਲੋਕਲ ਬਾਡੀਜ਼ ਚੋਣਾਂ: ਮੋਗੇ ਦੇ ਅਕਾਲੀ ਉਮੀਦਵਾਰਾਂ ਨੂੰ ਨਾਮਜ਼ਦਗੀਆਂ ਰੱਦ ਹੋਣ ਦਾ ਡਰ ਪੈ ਗਿਐ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਮੋਗਾ ਨਗਰ ਨਿਗਮ ਲਈ ਅਕਾਲੀ ਦਲ ਵੱਲੋਂ ਚੋਣ ਲੜ ਰਹੇ ਤੀਹ ਉਮੀਦਵਾਰਾਂ ਦੀ ਪਟੀਸ਼ਨ ’ਤੇ ਰਾਜ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।ਪਟੀਸ਼ਨ ਵਿੱਚ ਉਮੀਦਵਾਰਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਤੀਹ ਜਨਵਰੀ ਨੂੰ ਹੋਣ ਵਾਲੀਆਂ ਨਾਮਜ਼ਦਗੀਆਂ ਤੇ 14 ਫਰਵਰੀ ਨੂੰ ਹੋਣ ਵਾਲੀ ਚੋਣ ਦੀ ਵੀਡੀਓਗਰਾਫੀ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹ ਹੈ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਸੂਬੇ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਉਨ੍ਹਾਂ ਦੀ ਨਾਮਜ਼ਦਗੀ ਨੂੰ ਬੇਵਜ੍ਹਾ ਰੱਦ ਕਰਵਾ ਸਕਦੀ ਹੈ।

ਜਸਟਿਸ ਅਜੈ ਤਿਵਾੜੀ ਤੇ ਜਸਟਿਸ ਰਾਜੇਸ਼ ਭਾਰਦਵਾਜ ਦੇ ਬੈਂਚ ਨੇ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਲੋਕਲ ਬਾਡੀਜ਼ ਵਿਭਾਗ ਦੇਸੈਕਟਰੀ ਸਮੇਤ ਸੂਬਾ ਚੋਣ ਕਮਿਸ਼ਨ, ਡੀ ਸੀ ਮੋਗਾ ਤੇ ਹੋਰਨਾਂ ਧਿਰਾਂ ਨੂੰ ਅੱਠ ਫਰਵਰੀ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਇਹ ਦੋਸ਼ ਅਕਾਲੀ ਦਲ ਦੀ ਉਮੀਦਵਾਰ ਹਰਵਿੰ-ਦਰ ਕੌਰ ਸਮੇਤ ਤੀਹ ਹੋਰਨਾਂ ਵੱਲੋਂ ਲਾਇਆ ਗਿਆ ਹੈ, ਜਿਸ ਉੱਤੇ ਨੋਟਿਸ ਜਾਰੀ ਕੀਤਾ ਗਿਆ ਹੈ।ਇਨ੍ਹਾਂ ਪਟੀਸ਼ਨਰਾਂ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸ਼ਹਿਰੀ ਚੋਣਾਂ ਵਿੱਚ ਰਾਜ ਕਰਦੀ ਪਾਰਟੀ ਦੇ ਦਬਾਅ ਤਹਿਤ ਅਫਸਰਾਂ ਨੇ ਉਨ੍ਹਾਂ ਦੀ ਪਾਰਟੀ ਦੇ ਕਈ ਉਮੀਦਵਾਰਾਂ ਦੀ ਨਾਮਜ਼ਦਗੀ ਬੇਹੱਦ ਮਾਮੂਲੀ ਵਜ੍ਹਾ ਨਾਲ ਰੱਦ ਕਰਵਾ ਦਿੱਤੀ ਸੀ।ਪਟੀਸ਼ਨਰ ਧਿਰ ਦਾ ਕਹਿਣਾ ਹੈ ਕਿ ਨਾਮਜ਼ਦਗੀ ਦੀ ਵੀਡੀਓਗਰਾਫੀ ਕਰਾਈ ਜਾਵੇ ਤੇ ਉਸ ਮਗਰੋਂ ਚੋਣਾਂ ਦੇ ਦਿਨ ਵੋਟਿੰਗ ਬੂਥਾਂ ਦੇ ਬਾਹਰ ਵੀਡੀਓਗਰਾਫੀ ਹੋਵੇ। ਇਨ੍ਹਾਂ ਦਲੀਲਾਂ ਦੀ ਬਿਨਾਅ ’ਤੇ ਹਾਈ ਕੋਰਟ ਨੇ ਸਭਨਾਂ ਧਿਰਾਂ ਤੋਂ ਜਵਾਬ ਮੰਗ ਲਿਆ ਹੈ।

# ਮਹਿਲਾ ਪੱਤਰਕਾਰ ਤੋਂ ਮੋਬਾਈਲ ਖੋਹਣ ਵਾਲਾ ਕਾਬੂ

ਨਕੋਦਰ, 26 ਜਨਵਰੀ (ਪੋਸਟ ਬਿਊਰੋ)- ਸਿਟੀ ਪੁਲਸ ਨੇ ਮਹਿਲਾ ਪੱਤਰਕਾਰ ਤੋਂ ਮੋਬਾਈਲ ਖੋਹਣ ਵਾਲੇ ਵਿਅਕਤੀ ਨੂੰ ਕਾਬੂ ਕਰ ਕੇ ਉਸ ਕੋਲੋਂ ਮੋਬਾਈਲ ਬਰਾਮਦ ਕਰਨ ’ਚ ਸਫਲਤਾ ਹਾਸਲ ਕੀਤੀ ਹੈ।



ਸਿਟੀ ਪੁਲਸ ਨੂੰ ਮਹਿਲਾ ਪੱਤਰਕਾਰ ਉਪਾਸਨਾ ਗਰੋਵਰ ਪੁੱਤਰੀ ਮੰਗਲ ਸੇਨ ਗਰੋਵਰ ਵਾਸੀ ਗੁਰੂ ਨਾਨਕਪੁਰਾ ਨੇ ਦੱਸਿਆ ਕਿ ਬੀਤੀ ਤਿੰਨ ਸਤੰਬਰ 2020 ਨੂੰ ਮੋਟਰਸਾਈਕਲ ਸਵਾਰ ਦੋ ਨੌਜਵਾਨ ਮੇਰਾ ਮੋਬਾਈਲ ਫੋਨ ਖੋਹ ਕੇ ਫ਼ਰਾਰ ਹੋ ਗਏ ਸਨ। ਮੈਂ ਆਪਣੇ ਤੌਰ ’ਤੇ ਘਟਨਾ ਸਥਾਨ ਨੇੜੇ ਲੱਗੇ ਕੈਮਰਿਆਂ ਦੀ ਸੀ ਸੀ ਟੀ ਵੀ ਫੁਟੇਜ ਲੈ ਕੇ ਪਤਾ ਕਰਦੀ ਰਹੀ ਤਾਂ ਮੈਨੂੰ ਪਤਾ ਲੱਗਾ ਹੈ ਕਿ ਮੋਟਰਸਾਈਕਲ ਚਾਲਕ ਦਾ ਨਾਂ ਹੁਸਨਪਾਲ ਉਰਫ ਵਿੱਕੀ ਪੁੱਤਰ ਸੁਖਦੇਵ ਰਾਜ ਵਾਸੀ ਪਿੰਡ ਬਲੰਦਾ ਥਾਣਾ ਮਹਿਤਪੁਰ ਹੈ।ਸਿਟੀ ਥਾਣਾ ਮੁਖੀ ਜਤਿੰਦਰ ਕੁਮਾਰ ਨੇ ਦੱਸਿਆ ਕਿ ਉਪਾਸਨਾ ਗਰੋਵਰ ਦੇ ਬਿਆਨਾਂ ’ਤੇ ਹੁਸਨ ਪਾਲ ਉਰਫ ਵਿੱਕੀ ਦੇ ਖ਼ਿਲਾਫ਼ ਥਾਣਾ ਸਿਟੀ ਵਿਖੇ ਮਾਮਲਾ ਦਰਜ ਕੀਤਾ ਗਿਆ।ਮਾਮਲੇ ਦੀ ਜਾਂਚ ਕਰ ਰਹੇ ਏ ਐਸ ਆਈ ਗੁਰਦਿਆਲ ਸਿੰਘ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਉਕਤ ਮੁਲਜ਼ਮ ਹੁਸਨ ਪਾਲ ਉਰਫ ਵਿੱਕੀ ਨੂੰ ਰੇਲਵੇ ਰੋਡ ਮਹਿਤਪੁਰ ਬਾਈਪਾਸ ਤੋਂ ਗ੍ਰਿਫ਼ਤਾਰ ਕਰ ਕੇ ਉਸ ਤੋਂਮੋਬਾਈਲ ਬਰਾਮਦ ਕਰ ਲਿਆ।ਏ ਐਸ ਆਈ ਗੁਰਦਿਆਲ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਤੋਂ ਰਿਮਾਂਡ ਹਾਸਲ ਕਰਕੇ ਵਾਰਦਾਤ ’ਚ ਵਰਤੇ ਮੋਟਰਸਾਈਕਲ ਨੂੰ ਬਰਾਮਦ ਕਰਨ ਲਈ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਕਾਂਗਰਸੀ ਵਿਧਾਇਕ ਸਿੱਕੀ ਦੇ ਧੜੇ ਨੂੰ ਝਟਕਾ:ਖਵਾਸਪੁਰ ਦਾ ਸਰਪੰਚ ਸਸਪੈਂਡ

ਸ੍ਰੀ ਗੋਇੰਦਵਾਲ ਸਾਹਿਬ, 26 ਜਨਵਰੀ (ਪੋਸਟ ਬਿਊਰੋ)- ਪਿੰਡ ਖਵਾਸਪੁਰ ਦੇ ਸਰਪੰਚ ਜਗਰੂਪ ਸਿੰਘ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦੋਂ ਉਨ੍ਹਾਂ ਨੂੰ ਪਿੰਡ ਦੀ ਸਰਪੰਚੀ ਤੋਂ ਸਸਪੈਂਡ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਸਰਪੰਚ ਜਗਰੂਪ ਸਿੰਘ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਕਰੀਬੀਆਂ ਵਿੱਚੋਂ ਹੈ, ਜਿਸ ਉਤੇ ਪੰਚਾਇਤੀ ਚੋਣ ਸਮੇਂ ਸਿਆਸੀ ਧੱਕੇਸ਼ਾਹੀ ਨਾਲ ਸਰਪੰਚੀ ਹਥਿਆਉਣ ਦੇ ਦੋਸ਼ ਸਨ। ਇਸ ਚੋਣ ਨੂੰ ਚੁਣੌਤੀ ਦਿੰਦੇ ਹੋਏ ਦੂਜੀ ਧਿਰ ਦੇ ਸਰਪੰਚੀ ਦੇ ਦਾਅਵੇਦਾਰ ਅਤੇ ਸੀਨੀਅਰ ਕਾਂਗਰਸੀ ਆਗੂ ਭੁਪਿੰਦਰ ਸਿੰਘ ਬਿੱਟੂ ਖਵਾਸਪੁਰ ਦੇ ਭਰਾ ਕੰਵਲਜੀਤ ਸਿੰਘ ਸੰਧੂ ਨੇ ਇਨ੍ਹਾਂ ਚੋਣਾਂ ਵਿੱਚ ਹੋਈ ਧਾਂਦਲੀ ਦੇ ਦੋਸ਼ ਲਾ ਕੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਬਾਰੇ ਦੋ ਸਾਲਾਂ ਬਾਅਦ ਆਏ ਫੈਸਲੇ ਦੌਰਾਨ ਪਿੰਡ ਖਵਾਸਪੁਰ ਦੇ ਮੌਜੂਦਾ ਸਰਪੰਚ ਜਗਰੂਪ ਸਿੰਘ ਨੂੰ ਵੱਡਾ ਸਿਆਸੀ ਝਟਕਾ ਲੱਗਾ ਹੈ ਅਤੇ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਬਿੱਟੂ ਖਵਾਸਪੁਰ ਦੀ ਧਿਰ ਨਾਲ ਸਬੰਧਤ ਕੰਵਲਜੀਤ ਸਿੰਘ ਸੰਧੂ ਨੂੰ ਪਿੰਡ ਖਵਾਸਪੁਰ ਦੇ ਸਰਪੰਚੀ ਦੇ ਅਹੁਦੇ ’ਤੇ ਬਿਠਾ ਦਿੱਤਾ ਗਿਆ ਹੈ।

ਇਸ ਦੀ ਪੁਸ਼ਟੀ ਕਰਦਿਆਂ ਐਸ ਡੀ ਐਮ ਪੱਟੀ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਕੰਵਲਜੀਤ ਸਿੰਘ ਸੰਧੂ ਦੀ ਪਟੀਸ਼ਨ ’ਤੇ ਕਾਰਵਾਈ ਕਰਦਿਆਂ ਸਰਪੰਚ ਜਗਰੂਪ ਸਿੰਘ ਨੂੰ ਸਸਪੈਂਡ ਕਰ ਕੇ ਕੰਵਲਜੀਤ ਸਿੰਘ ਸੰਧੂ ਨੂੰ ਪਿੰਡ ਖਵਾਸਪੁਰ ਦਾ ਸਰਪੰਚ ਨਿਯੁਕਤ ਕਰ ਦਿੱਤਾ ਗਿਆ ਹੈ।

# ਜੱਲ੍ਹਿਆਂਵਾਲਾ ਬਾਗ ਦੇ ਸ਼ਤਾਬਦੀ ਸਮਾਰਕ ਦਾ ਨੀਂਹ ਪੱਥਰ

ਅੰਮ੍ਰਿਤਸਰ, 26 ਜਨਵਰੀ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਨਲਾਈਨ ਸਮਾਗਮ ਰਾਹੀਂ ਜੱਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਨਵੀਂ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਹੈ। ਇਹ ਯਾਦਗਾਰ ਰਣਜੀਤ ਐਵੇਨਿਊ ਇਲਾਕੇ ਦੇ ਆਨੰਦ ਅੰਮ੍ਰਿਤ ਪਾਰਕ ਵਿੱਚ ਬਣਾਈ ਜਾਣੀ ਹੈ।

ਜੱਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ’ ਦਾ ਨੀਂਹ ਪੱਥਰ ਰੱਖਣ ਸਮੇਂ ਇੱਥੇ ਸ਼ਹੀਦਾਂ ਦੇ ਘਰਾਂ ਅਤੇ ਪਿੰਡਾਂ ਤੋਂ ਮਿੱਟੀ ਲਿਆਂਦੀ ਗਈ ਸੀ, ਜਿਸ ਨੂੰ ਇੱਥੇ ਸਮਾਰਕ ਦੇ ਹੇਠਾਂ ਪਾਇਆ ਜਾਵੇਗਾ। ਇਸ ਮੌਕੇ 29 ਸ਼ਹੀਦਾਂ ਦੇ ਪਰਵਾਰਕ ਮੈਂਬਰ ਪੁੱਜੇ ਹੋਏ ਸਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਸਨਮਾਨਤ ਕੀਤਾ ਗਿਆ। ਨੀਂਹ ਪੱਥਰ ਰੱਖਣ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ 13 ਅਪਰੈਲ 1919 ਨੂੰ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਦੇ ਸ਼ਹੀਦਾਂ ਦੀ ਗਿਣਤੀ ਵਧੇਰੇ ਸੀ, ਪਰ ਸਰਕਾਰ ਕੋਲ ਸਿਰਫ 492 ਸ਼ਹੀਦਾਂ ਦੀ ਸੂਚੀ ਹੈ। ਅੱਜ ਤੱਕ ਇਸ ਸਾਕੇ ਦੇ ਸ਼ਹੀਦਾਂ ਦੀ ਸਹੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਿਹਾ ਕਿ ਸ਼ਹੀਦਾਂ ਦੇ ਪੂਰੇ ਅੰਕੜਿਆਂ ਦੀ ਘੋਖ ਕਰ ਕੇ ਸਹੀ ਗਿਣਤੀ ਦਾ ਪਤਾ ਲਾਇਆ ਜਾਵੇ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਇਸ ਸਾਕੇ ਵਿੱਚ 1500 ਤੋਂ ਵੱਧ ਸ਼ਹਾਦਤਾਂ ਹੋਣ ਦਾ ਦਾਅਵਾ ਕੀਤਾ ਸੀ। ਇਸ ਲਈ ਬਾਕੀ ਇੱਕ ਹਜ਼ਾਰ ਸ਼ਹੀਦਾਂ ਦਾ ਵੀ ਪਤਾ ਲਾਉਣਾ ਚਾਹੀਦਾ ਹੈ। ਇਸ ਸਮੁੱਚੇ ਕਾਰਜ ਦੀ ਖੋਜ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਚੇਅਰ ਸਥਾਪਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਪਿੰਡਾਂ ਵਿੱਚ ਛੋਟੇ ਸ਼ਹੀਦੀ ਸਮਾਰਕ ਵੀ ਬਣਾਏ ਜਾਣ। ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਦੇ ਆਪਣੇ ਦੌਰੇ ਬਾਰੇ ਉਨ੍ਹਾਂ ਕਿਹਾ ਕਿ ਉਥੇ ਸ਼ਹੀਦਾਂ ਵਿੱਚ ਵਧੇਰੇ ਪੰਜਾਬੀ ਸਨ, ਜਿਨ੍ਹਾਂ ਬਾਰੇ ਕਿਸੇ ਨੂੰ ਪਤਾ ਹੀ ਨਹੀਂ ਹੈ। ਉਨ੍ਹਾਂ ਸ੍ਰੀ ਚੰਨੀ ਨੂੰ ਕਾਲੇ ਪਾਣੀ ਦੇ ਸ਼ਹੀਦਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਤਲੇਆਮ ਸਬੰਧੀ ਰਕਸ਼ੰਦਾ ਜਲਾਲ ਦੀ ਅੰਗਰੇਜ਼ੀ ਭਾਸ਼ਾ ਵਿੱਚ ਲਿਖੀ ਇੱਕ ਕਵਿਤਾ ਵੀ ਪੜ੍ਹੀ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਚੰਨੀ ਨੇ ਦੱਸਿਆ ਕਿ 492 ਸ਼ਹੀਦ ਪਰਵਾਰਾਂ ’ਚੋਂ ਸਿਰਫ 29 ਪਰਵਾਰਾਂ ਦੇ ਮੈਂਬਰਾਂ ਦਾ ਹੀ ਪਤਾ ਲੱਗਾ ਹੈ, ਜਿਨ੍ਹਾਂ ਨੂੰ ਇੱਥੇ ਸੱਦਿਆ ਗਿਆ ਹੈ ਅਤੇ ਸਰਕਾਰ ਵੱਲੋਂ ਸਨਮਾਨਤ ਕੀਤਾ ਗਿਆ ਹੈ।

# ਟਰੱਕ ਦੀ ਲਪੇਟ ਵਿੱਚ ਆਣ ਕੇ ਮੋਟਰ ਸਾਈਕਲ ਸਵਾਰ ਐਥਲੀਟ ਦੀ ਮੌਤ

ਜਲੰਧਰ, 26 ਜਨਵਰੀ (ਪੋਸਟ ਬਿਊਰੋ)- ਟਰਾਂਸਪੋਰਟ ਨਗਰ ਨੇੜੇ ਗਲਤ ਦਿਸ਼ਾ ’ਤੇ ਖੜ੍ਹੀ ਸਰੀਏ ਨਾਲ ਲੱਦੀ ਰੇਹੜੀ ਨਾਲ ਟਕਰਾ ਕੇ ਨੇੜਿਓਂ ਲੰਘਦੇ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਰਾਸ਼ਟਰੀ ਪੱਧਰ ਦੇ ਐਥਲੀਟ ਦੀ ਮੌਤ ਹੋ ਗਈ। ਪੁਲਸ ਨੇ ਦੋਵਾਂ ਚਾਲਕਾਂ ਖ਼ਿਲਾਫ਼ ਗੈਰ-ਇਰਾਦਤਨ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਐਥਲੀਟ ਦੀ ਪਛਾਣ ਬੁੱਧੀਰਾਜ ਨਿਵਾਸੀ ਗੌਂਡਾ ਉਤਰ ਪ੍ਰਦੇਸ਼ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਬੁੱਧੀਰਾਜ ਇੱਕ ਅਖ਼ਬਾਰ ਦੇ ਲਈ ਕੁਲੈਕਸ਼ਨ ਦਾ ਕੰਮ ਕਰਦਾ ਸੀ। ਕੱਲ੍ਹ ਦੇਰ ਸ਼ਾਮ ਉਹ ਆਪਣੇ ਮੋਟਰ ਸਾਈਕਲ ’ਤੇ ਫੋਕਲ ਪੁਆਇੰਟ ਵਾਲੇ ਦਫ਼ਤਰ ਵਿੱਚ ਕੁਲੈਕਸ਼ਨ ਜਮ੍ਹਾ ਕਰਾਉਣ ਜਾ ਰਿਹਾ ਸੀ।ਜਿਉਂ ਹੀ ਉਹ ਟਰਾਂਸਪੋਰਟ ਨਗਰ ਨੇੜੇ ਪਹੁੰਚਿਆਂ ਤਾਂ ਗਲਤ ਦਿਸ਼ਾ ਅਤੇ ਗਲਤ ਤਰੀਕੇ ਨਾਲ ਸਰੀਏ ਨਾਲ ਲੱਦੀ ਖੜ੍ਹੀ ਰੇਹੜੀ ਨਾਲ ਬੁੱਧੀਰਾਜ ਦਾ ਮੋਟਰਸਾਈਕਲ ਟਕਰਾਅ ਗਿਆ, ਜਿਸ ਕਾਰਨ ਉਹ ਨੇੜਿਓਂ ਲੰਘ ਰਹੇ ਟਰੱਕ ਦੀ ਲਪੇਟ ਵਿੱਚ ਆ ਗਿਆ ਅਤੇ ਮੌਕੇ ’ਤੇ ਉਸਦੀ ਮੌਤ ਹੋ ਗਈ।ਹਾਦਸੇ ਤੋਂ ਬਾਅਦ ਰਾਹਗੀਰਾਂ ਨੇ ਰੇਹੜੀ ਚਾਲਕ ਅਤੇ ਟਰੱਕ ਡਰਾਈਵਰ ਨੂੰ ਕਾਬੂ ਕਰ ਲਿਆ। ਰਾਹਗੀਰਾਂ ਨੇ ਹੀ ਬੁੱਧੀਰਾਜ ਨੂੰ ਹਸਪਤਾਲ ਪਹੁੰਚਾਇਆਂ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਨੰਬਰ ਅੱਠ ਦੇ ਇੰਚਾਰਜ ਕਮਲਜੀਤ ਸਿੰਘ ਨੇ ਦੱਸਿਆ ਕਿ ਰੇਹੜੀ ਚਾਲਕ ਤੇ ਟਰੱਕ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।


ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
● ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
● ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
● ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
● ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
● ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
● ਪੂਰਨ ਸੰਤ ਦੀ ਪਹਿਚਾਣ ਕੀ ਹੈ ? ’ਤੇ ਮੋਕਸ਼ ਕਿਵੇਂ ਮਿਲੇਗਾ ?
● ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
● ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
● ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
● ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
● ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
● ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ਲੋੜ ਹੈ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

# ਯੂ ਐੱਨ ਓ ’ਚ ਘੱਟ ਗਿਣਤੀਆਂ ਦੇ ਹੱਕਾਂ ਬਾਰੇ ਭਾਰਤ-ਪਾਕਿ ਵਿਚਾਲੇ ਤਿੱਖੀ ਬਹਿਸ

ਇਸਲਾਮਾਬਾਦ, 26 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਅਤੇ ਭਾਰਤ ਵਿਚਾਲੇ ਯੂ ਐੱਨ ਜਨਰਲ ਅਸੈਂਬਲੀ ਵਿੱਚ ਦੋਹਾਂ ਦੇਸ਼ਾਂ ਵਿੱਚ ਖਤਮ ਹੁੰਦੇ ਘੱਟ ਗਿਣਤੀ ਭਾਈਚਾਰੇ ਦੇ ਹੱਕਾਂਬਾਰੇ ਇੱਕ-ਦੂਜੇ ਨਾਲ ਤਿੱਖੀ ਬਹਿਸ ਹੋਈ। ਧਾਰਮਿਕ ਥਾਂਵਾਂ ਨੂੰ ਨੁਕਸਾਨ ਪੁਚਾਉਣ ਦੀ ਨਿੰਦਾ ਕਰਦੇ ਹੋਏ ਪਾਕਿਸਤਾਨ ਨੇ ਸਵੈ-ਸਪਾਂਸਰ ਇੱਕ ਵੀ ਪੇਸ਼ ਕੀਤਾ, ਜਿਸ ਵਿੱਚ ਪਾਕਿਸਤਾਨ ਦੀ ਦਲੀਲ ਭਾਰਤ ਵਿੱਚ ਮਸਜਿਦ ਢਾਹੁਣ ਦੇ ਸਬੰਧ ਵਿੱਚ ਸੀ।

ਖੈਬਰ ਪਖਤੂਨਖਵਾ ਦੇ ਕਰਕ ਜ਼ਿਲ੍ਹੇ ਵਿੱਚ ਇੱਕ ਹਿੰਦੂ ਮੰਦਰ ਸਾੜੇ ਜਾਣ ਦੇ ਕਾਰਨ ਪਾਕਿਸਤਾਨ ਖ਼ਿਲਾਫ਼ ਭਾਰਤ ਦੇ ਦਾਅਵੇ ਨੂੰ ਇਸਲਾਮਾਬਾਦ ਨੇ ਗੈਰ-ਕਾਨੂੰਨੀ ਦਾਅਵਾ ਕਰਾਰ ਦਿੱਤਾ ਤੇ ਕਿਹਾ ਕਿ ਭਾਰਤ ਨੂੰ ਕਿਤੇ ਹੋਰ ਘੱਟ ਗਿਣਤੀ ਭਾਈਚਾਰੇ ਦੇ ਅਧਿਕਾਰ ਲਈ ਚਿੰਤਾ ਪ੍ਰਗਟ ਦੀ ਥਾਂ ਆਪਣੇ ਖੁਦ ਦੇ ਘਰ ’ਤੇ ਧਿਆਨ ਦੇਣਾ ਚਾਹੀਦਾ ਹੈ।



ਜਨਰਲ ਅਸੈਂਬਲੀ ਵਿੱਚ ਪਾਕਿਸਤਾਨੀ ਪ੍ਰਤੀਨਿਧੀ ਜ਼ੁਲਕਾਰਨੈਨ ਚੀਮਾ ਨੇ ਕਿਹਾ, ‘‘ਇਹ ਪਹਿਲੀ ਵਾਰ ਨਹੀਂ ਹੈ, ਜਦ ਭਾਰਤ ਨੇ ਕਿਤੇ ਹੋਰ ਘੱਟ ਗਿਣਤੀ ਭਾਈਚਾਰੇ ਦੇ ਅਧਿਕਾਰਾਂ ਲਈ ਚਿੰਤਾ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ। ਸਚਾਈ ਇਹ ਹੈ ਕਿ ਉਹ ਖੁਦ ਲਗਾਤਾਰ ਘੱਟ ਗਿਣਤੀ ਭਾਈਚਾਰੇ ਦੇ ਅਧਿਕਾਰਾਂ ਦਾ ਉਲੰਘਣ ਕਰ ਰਿਹਾ ਹੈ।’’

ਦੂਜੇ ਪਾਸੇ ਭਾਰਤ ਦੇ ਨੁਮਾਇੰਦੇ ਨੇ ਇਸਲਾਮਾ-ਬਾਦ ਦੇ ਮਤੇ ਦੇ ਸਹਿ-ਸਪਾਂਸਰ ਹੋਣ ’ਤੇ ਗੰਭੀਰ ਸਵਾਲ ਉਠਾਏ। ਭਾਰਤੀ ਨੁਮਾਇੰਦੇ ਨੇ ਕਿਹਾ, ‘‘ਇਹ ਵਿਅੰਗਾਤਮਕ ਹੈ ਕਿ ਪਾਕਿਸਤਾਨ ਪ੍ਰਸਤਾਵ ਦੇ ਸਹਿ-ਸਪਾਂਸਰਾਂ ਵਿੱਚੋਂ ਇੱਕ ਹੈ। ਕਰਕ ਮੰਦਰ ’ਤੇ ਹਮਲਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਪੱਸ਼ਟ ਸਮਰਥਨ ਨਾਲ ਕੀਤਾ ਗਿਆ ਹੈ।

## ਮੁਕੇਸ਼ ਅੰਬਾਨੀ ਦੀ ਇੱਕ ਸੈਕਿੰਡ ਦੀ ਕਮਾਈ ਮਜ਼ਦੂਰ ਦੇ ਤਿੰਨ ਸਾਲਾਂ ਦੇ ਬਰਾਬਰ



ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਗ਼ਰੀਬੀ ਦੇ ਖ਼ਾਤਮੇ ਲਈ ਕੰਮ ਕਰਦੀ ਸੰਸਥਾ ਆਕਸਫੈਮ ਨੇ ਕਿਹਾ ਕਿ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਲਾਈ ਗਈ ਤਾਲਾਬੰਦੀ ਦੌਰਾਨ ਭਾਰਤੀ ਅਰਬਪਤੀਆਂ ਦੀ ਜਾਇਦਾਦ 35 ਫ਼ੀਸਦੀ ਵਧ ਗਈ ਹੈ, ਪਰ ਇਸ ਦੌਰਾਨ ਕਰੋੜਾਂ ਲੋਕਾਂ ਲਈ ਰੋਜ਼ੀ ਦਾ ਸੰਕਟ ਪੈਦਾ ਹੋ ਗਿਆ।

ਆਕਸਫੈਮ ਦੀ ਰਿਪੋਰਟ ‘ਇਨਈਕੁਅਲਿਟੀ ਵਾਇਰਸ’ ਵਿੱਚ ਕਿਹਾ ਗਿਆ ਹੈਕਿ ਮਾਰਚ 2020 ਤੋਂ ਬਾਅਦ ਭਾਰਤ ਦੇ 100 ਅਰਬਪਤੀਆਂ ਦੀ ਜਾਇਦਾਦ ਵਿੱਚ 12,97,822 ਕਰੋੜ ਰੁਪਏ ਵਾਧਾ ਹੋਇਆ ਹੈ। ਏਨੀ ਵੱਡੀ ਰਕਮ ਦੇਸ਼ ਦੇ 13.8 ਕਰੋੜ ਸਭ ਤੋਂ ਗ਼ਰੀਬ ਲੋਕਾਂ ਨੂੰ ਵੰਡ ਦਿੱਤਾ ਜਾਵੇ ਤਾਂ ਇਸ ਵਿੱਚੋਂ ਹਰ ਗਰੀਬ ਨੂੰ 94,045 ਰੁਪਏ ਦਿੱਤੇ ਜਾ ਸਕਦੇ ਹਨ। ਰਿਪੋਰਟ ’ਚ ਆਮਦਨ ਦੀ ਅਸਮਾਨਤਾ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ ਮਹਾਂਮਾਰੀ ਦੌਰਾਨ ਮੁਕੇਸ਼ ਅੰਬਾਨੀ ਨੂੰ ਇੱਕ ਘੰਟੇ ਵਿੱਚ ਜਿੰਨੀ ਆਮਦਨੀ ਹੋਈ ਹੈ, ਓਨੀ ਕਮਾਈ ਕਰਨ ’ਚ ਇੱਕ ਗ਼ੈਰ-ਹੁਨਰ-ਮੰਦ ਮਜ਼ਦੂਰ ਨੂੰ 10 ਹਜ਼ਾਰ ਸਾਲ ਲੱਗ ਜਾਣਗੇ ਜਾਂ ਜਿੰਨੀ ਕਮਾਈ ਮੁਕੇਸ਼ ਅੰਬਾਨੀ ਨੇ ਇੱਕ ਸੈਕਿੰਡ ’ਚ ਕੀਤੀ, ਓਨੀ ਕਮਾਈ ਨੂੰ ਮਜ਼ਦੂਰ ਨੂੰ ਤਿੰਨ ਸਾਲ ਲੱਗਣਗੇ। ਰਿਪੋਰਟ ਮੁਤਾਬਕ ਕੋਰੋਨਾ ਵਾਇਰਸ ਮਹਾਂਮਾਰੀ ਪਿਛਲੇ 100 ਸਾਲਾਂ ਦਾ ਸਭ ਤੋਂ ਵੱਡਾ ਸਿਹਤ ਸੰਕਟ ਹੈ ਅਤੇ ਇਸ ਕਾਰਨ 1930 ਦੀ ਮਹਾਂ ਮੰਦੀ ਤੋਂ ਬਾਅਦ ਸਭ ਤੋਂ ਵੱਡਾ ਆਰਥਿਕ ਸੰਕਟ ਪੈਦਾ ਹੋਇਆ। ਆਕਸਫੈਮ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤਾਭ ਬੇਹਰ ਨੇ ਕਿਹਾ ਕਿ ਇਸ ਰਿਪੋਰਟ ਤੋਂ ਸਾਫ਼ ਪਤਾ ਲੱਗਦਾ ਹੈ ਕਿ ਅਨਿਆਂਪੂਰਨ ਆਰਥਿਕ ਸਿਸਟਮ ਨਾਲ ਕਿਵੇਂ ਸਭ ਤੋਂ ਵੱਡੇ ਆਰਥਿਕ ਸੰਕਟ ਦੌਰਾਨ ਸਭ ਤੋਂ ਅਮੀਰ ਲੋਕਾਂ ਨੇ ਬਹੁਤ ਜ਼ਿਆਦਾ ਜਾਇਦਾਦ ਕਮਾਈ, ਜਦਕਿ ਕਰੋੜਾਂ ਲੋਕ ਬਹੁਤ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਹਨ।

## ਸੀਰੀਆ ਵਿੱਚ ਸ਼ਾਮਲ ਭਾੜੇ ਦੇ ਲੜਾਕੇ ਹੋਰਨਾਂ ਦੇਸ਼ਾਂ ਲਈ ਖਤਰਾ ਬਣੇ

ਨਿਊ ਯਾਰਕ, 26 ਜਨਵਰੀ (ਪੋਸਟ ਬਿਊਰੋ)- ਭਾਰਤ ਨੇ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਵਿਸ਼ਵ ਭਾਈਚਾਰੇ ਨੂੰ ਇਸ ਗੱਲੋਂ ਸੁਚੇਤ ਕੀਤਾ ਹੈ ਕਿ ਸੀਰੀਆ ਸੰਘਰਸ਼ ਵਿੱਚ ਸ਼ਾਮਲ ਵਿਦੇਸ਼ੀ ਅਤੇ ਭਾੜੇ ਦੇ ਲੜਾਕਿਆਂ ਨੇ ਦੂਜੇ ਸਥਾਨਾਂ ’ਤੇ ਪਹੁੰਚਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਹੋਰਨਾਂ ਦੇਸ਼ਾਂ ਵਿੱਚ ਖਤਰਾ ਵੱਧ ਗਿਆ ਹੈ। ਯੂ ਐੱਨ ਵਿੱਚ ਭਾਰਤ ਦੀ ਸਥਾਈ ਪ੍ਰਤੀਨਿਧੀ ਟੀ ਐੱਸ ਗੁਰੂਮੂਰਤੀ ਨੇ ਸੁਰੱਖਿਆ ਕੌਂਸਲ ਵਿੱਚ ਕਿਹਾ ਕਿ ਭਾਰਤ ਇਸ ਮੰਚ ਉੱਤੇ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਣ ਲਈ ਤਿਆਰ ਹੈ। ਉਨ੍ਹਾਂ ਸੀਰੀਆ ਦੇ ਮੁੱਦੇ ਉੱਤੇ ਬੈਠਕ ਵਿੱਚ ਯਾਦ ਦਿਵਾਇਆ ਕਿ ਭਾਰਤ ਦੀ ਅਗਵਾਈ ਵਿੱਚ ਅਗਸਤ 2011 ਵਿੱਚ ਸੀਰੀਆ ਸੰਘਰਸ਼ ਦੇ ਮੁੱਦੇ ’ਤੇ ਪਹਿਲੀ ਵਾਰ ਬਿਆਨ ਜਾਰੀ ਕੀਤਾ ਗਿਆ ਸੀ। ਉਸ ਪਿੱਛੋਂ ਦਸੰਬਰ 2012 ਵਿੱਚ ਸੀਰੀਆ ’ਤੇ ਤਿੰਨ ਮਤੇ ਸਵੀਕਾਰ ਕੀਤੇ ਗਏ, ਪਰ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਲਾਗੂ ਕਰਨ ਅਤੇ ਅੱਤਵਾਦ ਵਿਰੋਧੀ ਨੁਕਤੇ ’ਤੇ ਕੋਈ ਜ਼ਿਕਰਯੋਗ ਤਰੱਕੀ ਨਹੀਂ ਹੋਈ ਹੈ।

## ਤਕਨੀਕੀ ਨੁਕਸ ਕਾਰਨ ਏ ਟੀ ਐਮ ਵਿੱਚੋਂ ਵੱਧ ਪੈਸੇ ਨਿਕਲਣ ਲੱਗੇ ਤਾਂ ਲਾਈਨਾਂ ਲੱਗ ਗਈਆਂ

ਕੁਸ਼ੀਨਗਰ, 26 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿੱਚ ਇੱਕ ਹੈਰਾਨੀ ਵਾਲੀ ਘਟਨਾ ਹੋਈ ਕਿ ਇੱਕ ਏ ਟੀ ਐਮ ਵਿੱਚ ਇੱਕ ਤਕਨੀਕੀ ਨੁਕਸ ਤੋਂ ਬਾਅਦ ਇਸ ਵਿੱਚ ਮੰਗੀ ਰਕਮ ਤੋਂ ਪੰਜ ਗੁਣਾ ਵੱਧ ਪੈਸੇ ਨਿਕਲਣ ਲੱਗ ਪਏ। ਖਪਤਕਾਰਾਂ ਨੇ ਏ ਟੀ ਐਮ ਤੋਂ 500 ਰੁਪਏ ਦਾ ਨੋਟ ਟਾਈਪ ਕੀਤਾ ਤਾਂ ਉਸ ਨੂੰ 2500 ਰੁਪਏ ਮਿਲਦੇ ਗਏ ਤੇ ਇਸ ਸਥਿਤੀ ਵਿੱਚ ਨੇੜਲੇ ਇਲਾਕਿਆਂ ਵਿੱਚ ਖਬਰ ਫੈਲੀ ਤਾਂ ਲੋਕਾਂ ਨੇ ਪੈਸੇ ਕੱਢਵਾਉਣ ਲਈ ਏ ਟੀ ਐਮ ਦੇ ਬਾਹਰ ਲਾਈਨਾਂ ਲਾ ਦਿੱਤੀਆਂ ਅਤੇ ਪਲਾਂ ਵਿੱਚ ਹੀ ਇਸ ਏ ਟੀ ਐਮ ਤੋਂ 15 ਲੱਖ ਰੁਪਏ ਕੱਢਵਾ ਲਏ ਗਏ।



ਇਹ ਮਾਮਲਾ ਕੁਸ਼ੀਨਗਰ ਜ਼ਿਲ੍ਹੇ ਦੇ ਸਵਰੇਹੀ ਕਸਬੇ ਵਿਚਲੇ ਬੈਂਕ ਆਫ਼ ਇੰਡੀਆ ਦੇ ਏ ਟੀ ਐਮ ਦਾ ਹੈ। ਇਸ ਏ ਟੀ ਐਮ ਤੋਂ 15 ਲੱਖ ਰੁਪਏ ਨਿਕਲਣ ਤੋਂ ਬਾਅਦ ਬੈਂਕ ਸਟਾਫ ਨੂੰ ਸ਼ੱਕ ਹੋਇਆ। ਇਸ ਤੋਂ ਬਾਅਦਜਾਂਚ ਕੀਤੀ ਗਈ ਤਾਂ ਤਕਨੀਕੀ ਨੁਕਸ ਨਿਕਲਿਆ। ਇਹ ਵੇਖ ਕੇ ਬੈਂਕ ਵਾਲੇ ਹੈਰਾਨ ਰਹਿ ਗਏ ਅਤੇ ਜਲਦਬਾਜ਼ੀ ਵਿੱਚ ਏ ਟੀ ਐਮ ਵਿੱਚੋਂ ਕੱਢੇ ਗਏ ਪੈਸੇ ਦੇ ਵੇਰਵਿਆਂ ਦੀ ਜਾਂਚ ਕਰ ਕੇ ਪੁਲਸ ਨੂੰ ਸ਼ਿਕਾਇਤ ਪੇਸ਼ ਕੀਤੀ। ਇਸ ਤੋਂ ਬਾਅਦ ਕੁਝ ਖਪਤਕਾਰ ਬੈਂਕ ਪਹੁੰਚੇ ਅਤੇ ਪੈਸੇ ਵਾਪਸ ਕਰ ਦਿੱਤੇ। ਦਿਲਚਸਪ ਗੱਲ ਇਹ ਹੈ ਕਿ ਪੰਜ ਗੁਣਾ ਵੱਧ ਪੈਸੇ ਰਕਮ ਸਬੰਧਤ ਬੈਲੈਂਸ ਸ਼ੀਟ ਤੋਂ ਦਿਖਾਈ ਨਹੀਂ ਦਿੰਦੀ ਸੀ।ਪੁਲਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਕੁਝ ਖਪਤਕਾਰਾਂ ਤੋਂ ਪੈਸੇ ਵਾਪਸ ਕਰਾ ਦਿੱਤੇ ਹਨ। ਐਸ ਓ ਸਵਰੇਹੀ ਉਮੇਸ਼ ਕੁਮਾਰ ਨੇ ਦਸਿਆ ਕਿ ਮਾਮਲਾ ਸੰਵੇਦਨਸ਼ੀਲ ਹੈ, ਇਸ ਦੀ ਜਾਂਚ ਬੈਂਕਰਾਂ ਤੋਂ ਮਿਲੀ ਸ਼ਿਕਾਇਤ ਦੇ ਆਧਾਰ ’ਤੇ ਕੀਤੀ ਜਾ ਰਹੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



Visions of Punjab
Vision ZoomerTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best





CLOSING IN APRIL 2021
Bedroom 4 | Bathroom 2+1
Size (Sq.Ft.) 2455 | Home Details 42'
EXCLUSIVE FOR SALE IN WOODSTOCK





CLOSING IN APRIL 2021
Bedroom 4 | Bathroom 2+1
Size (Sq.Ft.) 2250 | Home Details 36'
FOR SALE EXCLUSIVE JAMES C
KAMAL SANDHU RE/MAX GOLD REALTY INC BROKERAGE



Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਦੇਸ਼ ਨੂੰ ਟੁੱਟਣ ਤੋਂ ਬਚਾਓ

ਹਰਕੀਰਤ ਕੌਰ





ਅਸੀਂ ਬਹੁਤ ਹੀ ਉਤਸ਼ਾਹ ਨਾਲ ਆਪਣਾ ਗਣਤੰਤਰ ਦਿਵਸ, ਅਜ਼ਾਦੀ ਦਿਵਸ ਤੇ ਹੋਰ ਦਿਵਸ ਮਨਾਉਂਦੇ ਹਾਂ, ਜੋ ਬਹੁਤ ਖੁਸ਼ੀ ਵਾਲੀ ਗੱਲ ਹੈ।ਇਹਨਾਂ ਰਾਸ਼ਟਰੀ ਤਿਉਹਾਰਾਂ ਤੇ ਥਾਂ ਥਾਂ ਤਿਰੰਗਾ ਝੰਡਾ ਲਹਿਰਾਇਆ ਜਾਂਦਾ ਹੈ ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ। ਨੇਤਾ ਲੋਕ ਭਾਸ਼ਣ ਦੇਕੇ ਲੋਕਾਂ ਨੂੰ ਦੇਸ਼ ਭਗਤੀ ਦਾ ਪਾਠ ਪੜਾਉਂਦੇ ਹਨ ਅਤੇ ਦੇਸ਼ ਦੀ ਅਜ਼ਾਦੀ ਘੋਲ ਵਿੱਚ ਤਸੀਹੇ ਝੱਲਣ ਵਾਲਿਆਂ ਦੇ ਜੀਵਨ ਸੰਬੰਧੀ ਪੜਿਆ ਪੜਾਇਆ ਗੁਣਗਾਨ ਕਰਕੇ ਆਪਣੇ ਸਿਆਸੀ ਵਪਾਰ ਲਈ ਤੁਰੇ ਫਿਰਦੇ ਹਨ। ਅਜ਼ਾਦੀ ਤੋਂ ਪਹਿਲਾਂ ਜਦੋਂ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ, ਉਦੋਂ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲਿਆਂ ਦਾ ਸੁਪਨਾ ਸੀ ਕਿ ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਹਰ ਦੇਸ਼ ਵਾਸੀ ਨੂੰ ਇਨਸਾਫ਼ ਮਿਲੇਗਾ, ਅੰਗਰੇਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਖਸੁੱਟ ਤੋਂ ਖਹਿੜਾ ਛੁੱਟੇਗਾ , ਦੇਸ਼ ਤਰੱਕੀ ਕਰੇਗਾ ਅਤੇ ਹਰ ਸ਼ਹਿਰੀ ਦੇਸ਼ ਦੀ ਅਜ਼ਾਦੀ ਦਾ ਨਿੱਘ ਮਾਣੇਗਾ। ਅਸੀਂ ਅਜ਼ਾਦੀ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ ਅਤੇ ਅਜਿਹੀ ਸਮਾਜਵਾਦੀ ਵਿਵਸਥਾ ਕਾਇਮ ਕਰਨ ਦੀ ਨੀਤੀ ਅਪਣਾਈ, ਜਿਸ ਵਿੱਚ ਨਾ ਕੋਈ ਬਹੁਤਾ ਅਮੀਰ ਅਤੇ ਨਾ ਹੀ ਗਰੀਬ ਰਹਿਣ ਦਾ ਸਕੰਲਪ ਸੀ ਤਾਂ ਜੋ ਹਰ ਕੋਈ ਅਜ਼ਾਦੀ ਦਾ ਨਿੱਘ ਮਾਣ ਸਕੇ। ਤਿੰਨ ਕੁ ਦਹਾਕੇ ਵਧੀਆ ਰਿਹਾ ਪਰ ਸਮਾਂ ਬੀਤਣ ਨਾਲ ਜਦੋਂ ਕੌਮੀ ਕਿਰਦਾਰ ਤੋਂ ਸੱਖਣੇ ਆਗੂਆਂ ਦੇ ਹੱਥ ਰਾਜ ਸੱਤਾ ਆ ਗਈ ਤਾਂ ਉਨ੍ਹਾਂ ਨੇ ਇਸ ਨੂੰ ਵਪਾਰ ਬਣਾ ਲਿਆ । ਭਾਰਤ ਦੀ ਮੌਜੂਦਾ ਸਥਿਤੀ ਤੋਂ ਕੋਈ ਵੀ ਅਣਜਾਣ ਨਹੀਂ, ਦੇਸ਼ ਦਾ ਅੰਨਦਾਤਾ ਸੜਕਾਂ ਉੱਤੇ ਰੁੱਲ ਰਿਹਾ ਹੈ। ਬੀਤੇ ਦਿਨ ਅਸੀਂ ਗਣਤੰਤਰ ਦਿਵਸ ਮਨਾਇਆ, ਕਿਉਂ ਮਨਾਇਆ ਕਿਉਂਕਿ ਇਸ ਦਿਨ ਸਾਡੇ ਦੇਸ਼ ਦੇ ਸੰਵਿਧਾਨ ਦਾ ਨਿਰਮਾਣ ਹੋਇਆ। ਸੰਵਿਧਾਨ ਕਿਹੜਾ ਜਿਸ ਦਾ ਪਹਿਲਾਂ ਸਿਧਾਂਤ ਹੈ ਸੁਤੰਤਰਤਾ। ਜਿਸ ਵਿੱਚ ਦੇਸ਼ ਦੇ ਹਰੇਕ ਵਿਅਕਤੀ ਕੋਲ ਆਪਣੇ ਹੱਕਾਂ ਲਈ ਲੜਨ ਦੀ ਅਜ਼ਾਦੀ ਹੈ, ਅਨਿਆਂ ਵਿਰੁੱਧ ਅਵਾਜ਼ ਉਠਾਉਣ ਦੀ ਅਜ਼ਾਦੀ। ਪਰ ਵੇਖੋ ਨਕਾਬਪੋਸ਼ ਰਾਜਨੀਤੀ ਦਾ ਹਾਲ ਕਹਿਣ ਨੂੰ ਸੰਵਿਧਾਨਕ ਦਿਨ ਮਨਾਏ ਜਾ ਰਹੇ ਹਨ ਪਰ ਦੇਸ਼ ਦੇ ਲੋਕਾਂ ਨੂੰ ਉਹਨਾਂ ਦੇ ਬਣਦੇ ਹੱਕਾਂ ਲਈ ਸੜਕਾਂ ਉੱਤੇ ਕੜਾਕੇ ਦੀ ਠੰਡ ਵਿੱਚ ਠਾਰਿਆ ਜਾ ਰਿਹਾ ਹੈ। ਮੈਂ ਤਾਂ ਇਹ ਸੋਚ ਕੇ ਹੈਰਾਨ ਹਾਂ ਕਿ ਕਿਸ ਅਧਾਰ ਅਤੇ ਕਿਸ ਮੂੰਹ ਨਾਲ ਦੇਸ਼ ਵਿੱਚ ਗਣਤੰਤਰ ਦਿਵਸ ਮਨਾਇਆ ਗਿਆ, ਕਹਿਣ ਨੂੰ ਤਾਂ ਅਸੀਂ ਆਪਣੇ ਦੇਸ਼ ਦੇ ਸਿਧਾਤਾਂ ਦੇ ਹੋਂਦ ਵਿੱਚ ਆਉਣ ਨੂੰ ਮਨਾਇਆ ਪਰ ਜਦੋਂ ਉਹਨਾਂ ਸਿਧਾਤਾਂ ਉੱਤੇ ਅਮਲ ਹੀ ਨਹੀਂ ਕੀਤਾ ਜਾਣਾ ਤਾਂ ਕਾਹਦੀਆਂ ਖੁਸ਼ੀਆਂ ਅਤੇ ਕਾਹਦੇ ਗਣਤੰਤਰ ਦਿਵਸ। ਜਿਹੜੇ ਆਗੂ ਅੱਜ ਦੇਸ਼ ਦੇ ਵਿਗੜ ਰਹੇ ਅਮਨ ਕਾਨੂੰਨ ਦੀ ਵੀ ਗੱਲ ਕਰਦੇ ਹਨ, ਕਦੇ ਉਹਨਾਂ ਸੋਚਿਆ ਕਿ ਇਹ ਹਲਾਤ ਕਿਉਂ ਅਤੇ ਕਿਸਨੇ ਵਿਗਾੜੇ? ਲੋਕ ਕਿਉਂ ਸਰਕਾਰਾਂ ਤੋਂ ਆਕੀ ਹੋ ਰਹੇ ਹਨ? ਪਰ ਆਪਣੀ ਪੀੜੀ ਥੱਲੇ ਕੋਈ ਵੀ ਸੋਟਾ ਨਹੀਂ ਮਾਰੇਗਾ। ਅੱਜ ਦੇਸ਼ ਦੇ ਦੋ ਤਿਹਾਈ ਹਿੱਸੇ ਵਿੱਚ ਹਫੜਾਦਫੜੀ ਹੈ । ਇਸ ਦਾ ਮੁੱਖ ਕਾਰਨ ਸਰਕਾਰ ਦੁਆਰਾ ਬਣਾਏ ਜਾਂਦੇ ਕਾਲੇ ਕਾਨੂੰਨ, ਗਰੀਬੀ, ਬੇਰੁਜ਼ਗਾਰੀ ਅਤੇ ਅਸੁੰਤਲਿਤ ਸਾਧਨਾਂ ਦੀ ਵੰਡ ਹੈ। ਰਾਜਨੇਤਾਵਾਂ ਨੇ ਸ਼ਾਇਦ ਇਸਦਾ ਹੱਲ ਇਹ ਕੱਢ ਲਿਆ ਹੈ ਕਿ ਆਪੋ ਵਿੱਚ ਲੜਾਓ, ਨਸ਼ੇ ਵੰਡੋਂ ਅਤੇ ਨਸ਼ਿਆ ਦਾ ਵਪਾਰ ਕਰੋ। ਲੋੜ ਪਵੇ ਤਾਂ ਆਪਣੇ ਹੱਕਾਂ ਲਈ ਲੜ ਰਹੇ ਨਿਰਦੋਸ਼ ਲੋਕਾਂ ਉੱਤੇ ਪੁਲਿਸ, ਨੀਮ, ਫੌਜੀ ਬਲ ਦੁਆਰਾ ਡੰਡੇ ਚਲਾਏ ਜਾਣ। ਸੱਮਸਿਆਵਾਂ ਜੋ ਉਹਨਾਂ ਦੁਆਰਾ ਖੁਦ ਖੜੀਆਂ ਕੀਤੀਆਂ ਗਈਆਂ ਹਨ ਉਹਨਾਂ ਨੂੰ ਸੁਲਝਾਉਣ ਦੀ ਜਗ੍ਹਾ ਤੇ ਤਾਨਾਸ਼ਾਹੀ ਰੂਪ ਇਖਤਿਆਰ ਕੀਤਾ ਜਾਵੇ। ਇਹੀ ਕਾਰਨ ਹੈ ਕਿ ਅੱਜ ਪੂਰੇ ਦੇਸ਼ ਵਿਚ ਕਿਧਰੇ ਵੀ ਸ਼ਾਂਤੀ ਨਹੀ ਹੈ। ਸਰਕਾਰ ਦੇ ਅੱਤਿਆਚਾਰ, ਬੇਰੁਜ਼ਗਾਰੀ, ਲੁੱਟਾਂ ਖੋਹਾਂ, ਚੋਰੀ, ਡਾਕੇ ਹਰ ਇਨਸਾਨ ਲਈ ਮੁਸੀਬਤ ਬਣੇ ਹੋਏ ਹਨ।

ਦੋਲਤ ਕੁਝ ਹੱਥਾਂ ਵਿੱਚ ਇਕੱਠੀ ਹੋ ਰਹੀ ਹੈ। ਕਾਰਾਂ, ਗੱਡੀਆਂ, ਕਾਰਖਾਨੇ ਜਿਸਨੂੰ ਦੇਸ਼ ਦੀ ਤਰੱਕੀ ਦੇ ਪ੍ਰਤੀਕ ਮੰਨਿਆ ਜਾਂਦਾ ਹੈ, ਪ੍ਰਦੂਸ਼ਣ ਨਾਲ ਲੋਕਾਂ ਦਾ ਜਿਊਣਾ ਦੁੱਭਰ ਕਰ ਰਹੇ ਹਨ। ਅਸਲ ਵਿੱਚ ਅੱਜ ਦੇ ਲੀਡਰ ਜਿੰਨਾ ਕਦੇ ਦੇਸ਼ ਖਾਤਰ ਉਂਗਲ ਉੱਤੇ ਝਰੀਟ ਵੀ ਨਹੀਂ ਖਾਦੀ, ਆਪਣਾ ਸਿਆਸੀ ਵਪਾਰ ਚਲਾ ਰਹੇ ਹਨ । ਉਹਨਾਂ ਨੂੰ ਲੋਕਾਂ ਵਿੱਚ ਫੈਲ ਰਹੇ ਅੰਸ਼ਤੋਸ਼ ਅਤੇ ਬੇਵਿਸ਼ਵਾਸੀ ਦਾ ਹਾਲੇ ਤੱਕ ਅਹਿਸਾਸ ਨਹੀਂ। ਹੇਠਲੇ ਪੱਧਰ ਉੱਤੇ ਆਮ ਆਦਮੀ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਬੁਰੀ ਤਰ੍ਹਾਂ ਨਿਰਾਸ਼ ਹੈ। ਲੋਕਾਂ ਨੂੰ ਕਿਤੇ ਇਨਸਾਫ਼ ਨਹੀਂ ਮਿਲ ਰਿਹਾ ਸੀ । ਭ੍ਰਿਸ਼ਟਾਚਾਰ ਦਾ ਨੰਗਾ ਨਾਚ ਹੋ ਰਿਹਾ ਹੈ। ਰਾਜ ਨੇਤਾ ਇੱਕ ਦੂਜੇ ਉੱਤੇ ਦੋਸ਼ਨਬਾਜੀ ਕਰ ਰਹੇ ਹਨ ਪਰ ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਕਾਨੂੰਨ ਬਣਾਉਣ ਵਾਲਿਆਂ ਨੇ ਆਪਣੇ ਬਚਾਓ ਲਈ ਕਾਨੂੰਨ ਵਿੱਚ ਚੋਰ ਮੋਰੀਆਂ ਰੱਖੀਆਂ

# ਭਾਰਤ ਬੱਚਿਆਂ ਦਾ ਨਿੱਗਰ ਭਵਿੱਖ ਕਿਵੇਂ ਸਿਰਜੇ

-ਡਾਕਟਰ ਗੁਰਿੰਦਰ ਕੌਰ-



ਭਾਰਤ ਵਿੱਚ ਕੌਮੀ ਪਰਵਾਰਕ ਸਿਹਤ ਸਰਵੇਖਣ-5, 2019-20 ਦੇ ਪਹਿਲੇ ਗੇੜ ਦੇ ਅੰਕੜੇ ਹਾਲ ਵਿੱਚ ਹੀ ਕੇਂਦਰੀ ਸਿਹਤ ਮੰਤਰੀ ਨੇ ਜਾਰੀ ਕੀਤੇ ਹਨ, ਜਿਨ੍ਹਾਂ ਅਨੁਸਾਰ ਮੁਲਕ ਵਿੱਚ ਕੁਪੋਸ਼ਣ ਦੀ ਦਰ ਚੌਥੇ ਸਰਵੇਖਣ 2015-16 ਤੋਂ ਵਧ ਗਈ ਹੈ, ਜੋ ਬਹੁਤ ਚਿੰਤਾ ਵਾਲੀ ਗੱਲ ਹੈ। ਕੁਪੋਸ਼ਣ ਦਾ ਅਰਥ ਹੈ ਕਿ ਲੋੜ ਤੋਂ ਘੱਟ ਮਾਤਰਾ ਵਿੱਚ ਖਾਣ ਨੂੰ ਭੋਜਨ ਮਿਲਣਾ ਅਤੇ ਉਸ ਵਿੱਚ ਲੋੜੀਂਦੇ ਤੱਤਾਂ ਦੀ ਘਾਟ ਹੋਣਾ ਹੈ। ਸਰਵੇਖਣ ਦੇ ਇਸ ਗੇੜ ਵਿੱਚ ਅੰਕੜੇ ਦੇਸ਼ ਦੇ 17 ਰਾਜਾਂ ਤੇ ਪੰਜ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਤੋਂ ਕੋਵਿਡ 19 ਸ਼ੁਰੂ ਹੋਣ ਤੋਂ ਪਹਿਲਾਂ ਇਕੱਠੇ ਕੀਤੇ ਸਨ। ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਆਸਾਮ, ਕਰਨਾਟਕ, ਬਿਹਾਰ, ਪੱਛਮੀ ਬੰਗਾਲ, ਗੁਜਰਾਤ, ਤੇਲੰਗਾਨਾ, ਕੇਰਲ, ਹਿਮਾਚਲ ਪ੍ਰਦੇਸ਼ ਆਦਿ ਵੱਡੇ ਸੂਬੇ ਪਹਿਲੇ ਗੇੜੇ ਵਿੱਚ ਸ਼ਾਮਲ ਹਨ, ਪਰ ਪੰਜਾਬ, ਉੱਤਰ ਪ੍ਰਦੇਸ਼, ਝਾਰਖੰਡ, ਰਾਜਸਥਾਨ, ਉੜੀਸਾ, ਮੱਧ ਪ੍ਰਦੇਸ਼, ਤਾਮਿਲ ਨਾਡੂ ਆਦਿ ਸੂਬਿਆਂ ਵਿੱਚੋਂ ਇਸ ਸਰਵੇਖਣ ਲਈ ਅੰਕੜੇ ਇਕੱਠੇ ਕਰਨ ਦਾ ਕੰਮ ਨਵੰਬਰ 2020 ਤੋਂ ਦੁਬਾਰਾ ਸ਼ੁਰੂ ਕੀਤਾ ਗਿਆ, ਜੋ ਕੋਵਿਡ 19 ਕਰ ਕੇ ਮਾਰਚ 2020 ਵਿੱਚ ਬੰਦ ਕਰਨਾ ਪਿਆ ਸੀ।

ਪਹਿਲੇ ਗੇੜੇ ਵਿੱਚ ਸਰਵੇਖਣ ਕੀਤੇ ਸੂਬਿਆਂ ਦੇ ਬੱਚਿਆਂ ਵਿੱਚ ਕੁਪੋਸ਼ਣ ਦਰ ਦਾ ਪਿਛਲੇ ਸਰਵੇਖਣ ਨਾਲੋਂ ਵਧਣਾ ਦੇਸ਼ ਦੇ ਧੁੰਦਲੇ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਜੇ ਬੱਚਿਆਂ ਨੂੰ ਪੇਟ ਭਰ ਤੇ ਲੋੜ ਅਨੁਸਾਰ ਪੌਸ਼ਟਿਕ ਤੱਤਾਂ ਵਾਲਾ ਭੋਜਨ ਹੀ ਨਹੀਂ ਮਿਲਦਾ ਤਾਂ ਉਹ ਦੇਸ਼ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਉਣਗੇ। ਹਾਲੀਆ ਸਰਵੇਖਣ ਮੁਤਾਬਕ 22 ਸੂਬਿਆਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ 13 ਵਿੱਚ ਉਨ੍ਹਾਂ ਬੱਚਿਆਂ ਦੀ ਫੀਸਦੀ ਵਿੱਚ ਵਾਧਾ ਆਂਕਿਆ ਗਿਆ ਹੈ ਜਿਨ੍ਹਾਂ ਦਾ ਕੱਦ ਉਨ੍ਹਾਂ ਦੀ ਉਮਰ ਮੁਤਾਬਕ ਘੱਟ ਹੈ। ਗੁਜਰਾਤ ਵਿੱਚ ਇਨ੍ਹਾਂ ਬੱਚਿਆਂ ਦੀ ਗਿਣਤੀ 39 ਫੀਸਦੀ ਹੈ, ਜੋ ਇਸ ਗੇੜ ਦੇ ਸਭ ਰਾਜਾਂ ਤੋਂ ਵੱਧ ਹੈ। ਗੁਜਰਾਤ ਦਾ ਵਿਕਾਸ ਮਾਡਲ ਦੇਸ਼ ਵਿੱਚ ਪ੍ਰਚਾਰਿਆ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਬੱਚਿਆਂ ਦੀ ਗਿਣਤੀ ਮਹਾਰਾਸ਼ਟਰ ਵਿੱਚ 35 ਫੀਸਦੀ, ਪੱਛਮੀ ਬੰਗਾਲ ਵਿੱਚ 33.2 ਫੀਸਦੀ, ਤੇਲੰਗਾਨਾ ਵਿੱਚ 33.1 ਫੀਸਦੀ ਅਤੇ ਕੇਰਲ 23.4 ਫੀਸਦੀ ਹੈ। ਇਸ ਦਾ ਭਾਵ ਕਿ ਇਨ੍ਹਾਂ ਸੂਬਿਆਂ ਵਿੱਚ ਇੱਕ ਤਿਹਾਈ ਬੱਚਿਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਭੋਜਨ ਨਹੀਂ ਮਿਲਦਾ। ਕੇਰਲ ਵਰਗੇ ਰਾਜ ਵਿੱਚ ਵੀ ਪੰਜਾਂ ਵਿੱਚੋਂ ਇੱਕ ਬੱਚਾ ਉਹ ਹੈ ਜਿਸ ਦਾ ਕੱਦ ਉਮਰ ਮੁਤਾਬਕ ਘੱਟ ਹੈ ਅਤੇ ਇੱਥੋਂ ਦੇ 15.3 ਫੀਸਦੀ ਬੱਚਿਆਂ ਦਾ ਭਾਰ ਉਨ੍ਹਾਂ ਦੇ ਕੱਦ ਅਨੁਸਾਰ ਘੱਟ ਹੈ, ਜਦੋਂ ਕਿ ਕੇਰਲ ਸਾਖਰਤਾ ਅਤੇ ਲਿੰਗ ਅਨੁਪਾਤ ਵਰਗੇ ਸੂਚਕਾਂ ਵਿੱਚ ਮੁਲਕ ਦਾ ਮੋਹਰੀ ਸੂਬਾ ਹੈ।

ਸਰਵੇਖਣ ਮੁਤਾਬਕ 22 ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 12 ਵਿੱਚ ਬੱਚਿਆਂ ਦਾ ਭਾਰ ਉਨ੍ਹਾਂ ਦੀ ਲੰਬਾਈ ਮੁਤਾਬਕ ਘੱਟ ਹੈ। ਇਸ ਦੇ ਨਾਲ ਸਰਵੇਖਣ ਵਿੱਚ ਖੂਨ ਦੀ ਕਮੀ ਵਾਲੇ (ਅਨੀਮਿਕ) ਬੱਚਿਆਂ ਦੀ ਫੀਸਦੀ ਵਿੱਚ ਵਾਧਾ ਆਂਕਿਆ ਗਿਆ। ਗੱਲ ਕੀ, ਬਹੁਤੇ ਰਾਜਾਂ ਵਿੱਚ ਬੱਚਿਆਂ ਦੀ ਕੁਪੋਸ਼ਣ ਦਰ ਵਧੀ ਹੈ। ਭਾਰਤ ਵਿੱਚ ਘੱਟ ਭਾਰ ਵਾਲੇ ਬੱਚਿਆਂ ਦਾ ਫੀਸਦੀ ਹਿੱਸਾ ਦੱਖਣੀ-ਏਸ਼ੀਆ ਦੇ ਬਾਕੀ ਮੁਲਕਾਂ ਤੋਂ ਵੱਧ ਹੈ। ਇੱਥੋਂ ਤੱਕ ਕਿ ਇਸ ਕੇਸ ਵਿੱਚ ਨੇਪਾਲ ਅਤੇ ਬੰਗਲਾ ਦੇਸ਼ ਦੀ ਸਥਿਤੀ ਸਾਡੇ ਨਾਲੋਂ ਬਿਹਤਰ ਹੈ। ਕੁਪੋਸ਼ਣ ਦੇ ਕੇਸ ਵਿੱਚ ਭਾਰਤ ਈਥੋਪੀਆ ਤੇ ਕਾਂਗੋ ਵਰਗੇ ਅਫਰੀਕੀ ਮੁਲਕਾਂ ਦੀ ਕਤਾਰ ਵਿੱਚ ਜਾ ਪਹੁੰਚਿਆ ਹੈ।

ਬੱਚਿਆਂ ਦੀ ਸਿਹਤ ਅਤੇ ਉਨ੍ਹਾਂ ਦੇ ਹਰ ਤਰ੍ਹਾਂ ਦੇ ਵਿਕਾਸ ਉੱਤੇ ਕੁਪੋਸ਼ਣ ਦਾ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਭਾਰਤ ਵਿੱਚ 60 ਫੀਸਦੀ ਬੱਚਿਆਂ ਦੀ ਮੌਤ ਕੁਪੋਸ਼ਣ ਕਾਰਨ ਹੁੰਦੀ ਹੈ ਕਿਉਂਕਿ ਕਮਜ਼ੋਰ ਬੱਚਿਆਂ ਵਿੱਚ ਰੋਗਾਂ ਨਾਲ ਲੜਨ ਦੀ ਸਮਰੱਥਾ ਬਹੁਤ ਘੱਟ ਹੁੰਦੀ ਹੈ। ਇਸ ਤੋਂ ਇਲਾਵਾ ਉਹ ਜ਼ਿੰਦਗੀ ਦੇ ਮੁੱਢਲੇ ਸਾਲਾਂ ਵਿੱਚ ਸਕੂਲੀ ਪੜ੍ਹਾਈ-ਲਿਖਾਈ ਅਤੇ ਕੰਮਾਂ ਵਿੱਚ ਦੂਜੇ ਬੱਚਿਆਂ ਨਾਲੋਂ ਪਿੱਛੇ ਰਹਿ ਜਾਂਦੇ ਹਨ। ਕੁਪੋਸ਼ਣ ਦੀ ਦਰ ਵਿੱਚ ਵਾਧਾ ਬੱਚਿਆਂ ਦੀ ਮੌਤ ਦਰ ਵਿੱਚ ਵਾਧਾ ਕਰਦਾ ਹੈ ਅਤੇ ਦੇਸ਼ ਦੇ ਹਰ ਤਰ੍ਹਾਂ ਦੇ ਵਿਕਾਸ ਉਤੇ ਨਾਕਾਰ-ਾਤਮਕ ਪ੍ਰਭਾਵ ਪਾਉਂਦਾ ਹੈ।

ਗੌਰਤਲਬ ਹੈ ਕਿ ਇਹ ਅੰਕੜੇ ਕੋਵਿਡ 19 ਤੋਂ ਪਹਿਲਾਂ ਦੇ ਹਨ। ਕੋਵਿਡ 19 ਵਿੱਚ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਤੇ ਪੂਰੇ ਦੇਸ਼ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਭੋਜਨ ਦੀ ਭਾਰੀ ਕਮੀ ਝੱਲਣੀ ਪਈ ਸੀ ਜਿਸ ਨਾਲ ਗਰਭਵਤੀ ਔਰਤਾਂ ਤੇ ਬੱਚਿਆਂ ਨੂੰ ਪੂਰੀ ਖੁਰਾਕ ਨਾ ਮਿਲਣ ਕਰ ਕੇ ਬਾਅਦ ਦੇ ਅੰਕੜੇ ਇਨ੍ਹਾਂ ਅੰਕੜਿਆਂ ਨਾਲੋਂ ਵੀ ਡਰਾਉਣੇ ਹੋ ਸਕਦੇ ਹਨ।

ਹੰਗਰ ਵਾਚ ਸੰਸਥਾ ਦੇ ਸਰਵੇਖਣ ਅਨੁਸਾਰ ਗਰੀਬ ਪਰਵਾਰਾਂ ਦੇ ਜੀਆਂ ਨੇ ਦੱਸਿਆ ਕਿ ਅੱਜ ਉਹ ਲਾਕਡਾਊਨ ਤੋਂ ਪਹਿਲਾਂ ਦੇ ਸਮੇਂ ਤੋਂ ਘੱਟ ਪੌਸ਼ਟਿਕ ਤੱਤਾਂ ਵਾਲਾ ਭੋਜਨ ਖਾਂਦੇ ਹਨ। ਕੁਪੋਸ਼ਣ ਦੇ ਇਹ ਅੰਕੜੇ ਉਨ੍ਹਾਂ ਸਰਕਾਰੀ ਦਾਅਵੇ ਦੀ ਵੀ ਪੋਲ ਖੋਲ੍ਹਦੇ ਹਨ ਜਿਨ੍ਹਾਂ ਅਨੁਸ-ਾਰ ਸਰਕਾਰ ਕੋਲ ਅਨਾਜ ਲੋੜ ਤੋਂ ਵੱਧ ਹੈ ਅਤੇ ਗਰੀਬਾਂ ਨੂੰ ਲੋੜ ਅਨੁਸਾਰ ਅਨਾਜ ਦਿੱਤਾ ਜਾਂਦਾ ਹੈ। ਸਿਰਫ ਅਨਾਜ ਜਾਂ ਹੋਰ ਜ਼ਰੂਰੀ ਵਸਤਾਂ ਦੀ ਬਾਜ਼ਾਰ ਜਾਂ ਮੁਲਕ ਵਿੱਚ ਬਹੁਤਾਤ ਹੋਣ ਨਾਲ ਲੋਕਾਂ ਦਾ ਢਿੱਡ ਨਹੀਂ ਭਰ ਸਕਦਾ, ਜਦੋਂ ਤੱਕ ਉਨ੍ਹਾਂ ਕੋਲ ਅਨਾਜ ਖਰੀਦਣ ਲਈ ਪੈਸੇ ਨਾ ਹੋਣ। ਮੁਲਕ ਵਿੱਚ ਬੇਰੁਜ਼ਗਾਰੀ ਦਿਨੋ-ਦਿਨ ਵਧਦੀ ਜਾ ਰਹੀ ਹੈ ਅਤੇ ਸਰਕਾਰ ਦੀ ਰੁਜ਼ਗਾਰ ਦਰ ਪਿੱਛਲੇ 45 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਰਹੀ ਹੈ। ਇੱਕ ਪਾਸੇ ਬੇਰੁਜ਼ਗਾਰੀ ਦੀ ਦਰ ਵਧ ਰਹੀ ਹੈ, ਦੂਜੇ ਪਾਸੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਨਾਲ ਆਮ ਲੋਕਾਂ ਦੇ ਭੋਜਨ ਵਿੱਚ ਪੌਸ਼ਟਿਕ ਤੱਤ ਘਟਦੇ ਜਾਂਦੇ ਹਨ। ਪਿਛਲੇ ਸਾਲਾਂ ਵਿੱਚ ਸਸਤੇ ਮਾਸ ਉਤੇ ਰਾਜਨੀਤੀ ਨੇ ਵੀ ਗਰੀਬ ਲੋਕਾਂ ਦੇ ਭੋਜਨ ਵਿੱਚੋਂ ਪੌਸ਼ਟਿਕ ਤੱਤਾਂ ਦੀ ਮਾਤਰਾ ਘਟਾਈ ਹੋ ਸਕਦੀ ਹੈ। ਭਾਰਤ ਵਿੱਚ ਕੁਪੋਸ਼ਣ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਪਿਤਾ ਪੁਰਖੀ ਸਮਾਜ ਹੋਣ ਕਰ ਕੇ ਜ਼ਿਆਦਾਤਰ ਮਾਮਲਿਆਂ ਵਿੱਚ ਲੜਕੀਆਂ-ਲੜਕਿਆਂ ਵਿੱਚ ਹੋਰ ਪੱਖਾਂ ਦੇ ਨਾਲ ਨਾਲ ਭੋਜਨ ਵਿੱਚ ਵਿਤਕਰਾ ਕੀਤਾ ਜਾਂਦਾ ਹੈ। ਲੜਕੀਆਂ ਨੂੰ ਘੱਟ ਪੌਸ਼ਟਿਕ ਤੱਤਾਂ ਵਾਲਾ ਭੋਜਨ ਦਿੱਤਾ ਜਾਂਦਾ ਹੈ ਜਿਸ ਕਾਰਨ ਅੱਗੇ ਜਾ ਕੇ ਮਾਵਾਂ ਬਣਦੀਆਂ ਇਹ ਕਮਜ਼ੋਰ ਲੜਕੀਆਂ ਕਮਜ਼ੋਰ ਬੱਚਿਆਂ ਨੂੰ ਜਨਮ ਦਿੰਦੀਆਂ ਹਨ। ਮਿਡ ਡੇਅ ਮੀਲ ਲਈ 2014-15 ਵਿੱਚ 13000 ਕਰੋੜ ਰੁਪਏ ਦਿੱਤੇ ਗਏ ਸਨ, ਜਿਹੜੇ 2019-20 ਵਿੱਚ ਘਟਾ ਕੇ 11000 ਕਰੋੜ ਰੁਪਏ ਕਰ ਦਿੱਤੇ ਗਏ। ਇਸ ਨਾਲ ਵੀ ਕੁਪੋਸ਼ਣ ਦਰ 'ਚ ਵਾਧਾ ਹੋਣ ਦੇ ਆਸਾਰ ਹਨ।

ਕੌਮੀ ਪਰਵਾਰਕ ਸਿਹਤ ਸਰਵੇਖਣ-5 ਦੇ ਅੰਕੜੇ ਬੱਚਿਆਂ ਪ੍ਰਤੀ ਸਰਕਾਰ ਦੀ ਲਾਪਰਵਾਹੀ ਦੀ ਮੂੰਹ ਬੋਲਦੀ ਤਸਵੀਰ ਹਨ। ਬੱਚਿਆਂ ਦੀ ਹਾਲਤ ਸੁਧਾਰਨ ਲਈ ਉਨ੍ਹਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਮੁਲਕ ਦੇ ਬਜਟ ਵਿੱਚ ਸਿਹਤ ਖੇਤਰ ਦਾ ਹਿੱਸਾ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਨਹੀਂ। 2008-09 ਤੋਂ ਲੈ ਕੇ 2019-20 ਦੇ ਸਾਲਾਂ ਦੌਰਾਨ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਬਜਟ ਨੂੰ ਜੋੜ ਕੇ ਸਿਹਤ ਸੇਵਾਵਾਂ ਉਤੇ ਕੁੱਲ ਘਰੇਲੂ ਪੈਦਾਵਾਰ ਦਾ ਸਿਰਫ 12 ਤੋਂ 1.6 ਫੀਸਦੀ ਖਰਚ ਕੀਤਾ ਜਾਂਦਾ ਰਿਹਾ ਹੈ ਜਿਸ ਨੂੰ ਵਧਾਉਣ ਦੀ ਸਖਤ ਲੋੜ ਹੈ। ਮਿਡ ਡੇਅ ਮੀਲ ਦੀ ਪੂਰੀ ਪ੍ਰਕਿਰਿਆ ਵਿੱਚ ਸੁਧਾਰ ਕਰਨ ਦੀ ਸਖਤ ਲੋੜ ਹੈ। ਸਭ ਤੋਂ ਪਹਿਲਾਂ ਹਰ ਸਾਲ ਬਜਟ ਵਿੱਚ ਇਹ ਰਾਸ਼ੀ ਘਟਾਉਣ ਦੀ ਥਾਂ ਲੋੜੀਂਦਾ ਵਾਧਾ ਕਰਨਾ ਚਾਹੀਦਾ ਹੈ ਕਿਉਂਕਿ ਦੇਸ਼ ਦੀ ਆਬਾਦੀ ਹਰ ਸਾਲ ਵਧਦੀ ਹੈ। ਦੂਜਾ, ਇਸ ਭੋਜਨ ਵਿੱਚ ਪੌਸ਼ਟਿਕ ਆਹਾਰ ਜਿਵੇਂ ਆਂਡੇ, ਦੁੱਧ ਫਲ ਆਦਿ ਵੀ ਸ਼ਾਮਲ ਕਰਨੇ ਚਾਹੀਦੇ ਹਨ। ਆਂਗਨਵਾੜੀ ਵਰਕਰਾਂ ਨੂੰ ਪੂਰੀ ਤਨਖਾਹ ਦੇਣੀ ਚਾਹੀਦੀ ਹੈ ਤਾਂ ਕਿ ਉਹ ਬੱਚਿਆਂ ਦੀ ਚੰਗੀ ਤਰ੍ਹਾਂ ਦੇਖਭਾਲ ਕਰ ਸਕਣ। ਜੇ ਉਨ੍ਹਾਂ ਨੂੰ ਆਪਣੀਆਂ ਜ਼ਰੂਰਤਾਂ ਪੂਰਾ ਕਰਨ ਜੋਗੀ ਤਨਖਾਹ ਹੀ ਨਹੀਂ ਮਿਲੇਗੀ ਤਾਂ ਉਹ ਆਪਣਾ ਪੂਰਾ ਧਿਆਨ ਬੱਚਿਆਂ ਨੂੰ ਨਹੀਂ ਦੇ ਸਕਣਗੀਆਂ। ਇਸ ਦੇ ਨਾਲ-ਨਾਲ ਸਰਕਾਰੀ ਸਿਹਤ ਅਦਾਰਿਆਂ ਵਿੱਚ ਸਿਹਤ ਸੇਵਾਵਾਂ ਨੂੰ ਚੁਸਤ-ਦਰੁਸਤ ਬਣਾਉਣ ਲਈ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾਣ ਅਤੇ ਡਾਕਟਰਾਂ, ਨਰਸਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀ ਲੋੜੀਂਦੀ ਗਿਣਤੀ 'ਤੇ ਬੱਚਿਆਂ ਨੂੰ ਜ਼ਰੂਰਤ ਅਨੁਸਾਰ ਡਾਕਟਰੀ ਸਹਾਇਤਾ ਮਿਲ ਸਕੇ। ਗਰਭਵਤੀ ਔਰਤਾਂ ਨੂੰ ਲੋੜ ਮੁਤਾਬਕ ਦਵਾਈਆਂ ਦਿੱਤੀਆਂ ਜਾਣ। ਸਰਕਾਰ ਨੂੰ ਚਾਹੀਦਾ ਹੈ ਕਿ ਬੱਚਿਆਂ ਦੇ ਪਾਲਣ ਪੋਸ਼ਣ ਵੱਲ ਉਚੇਚਾ ਧਿਆਨ ਦੇਵੇ ਅਤੇ ਠੋਸ ਵਿਉਂਤਬੰਦੀ ਬਣਾ ਕੇ ਸੰਜੀਦਗੀ ਨਾਲ ਲਾਗੂ ਕਰੇ। ਭਾਰਤ ਦੇ ਬੱਚਿਆਂ ਦਾ ਨਿੱਗਰ ਭਵਿੱਖ ਸਿਰਜਣ ਹਿੱਤ ਅਜਿਹੇ ਉਪਾਅ ਕਰਨ ਲਈ ਮੁਲਕ ਵਿੱਚ ਅਪਣਾਏ ਗਏ ਕਾਰਪੋਰੇਟ ਮੁਖੀ ਆਰਥਿਕ ਵਿਕਾਸ ਮਾਡਲ ਦੀ ਥਾਂ ਉਤੇ ਲੋਕ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਜ਼ਰੂਰੀ ਹੈ।

# ਮਹਿਲਾ ਰਾਖਵਾਂਕਰਨ ਦਾ ਕੱਚ-ਸੱਚ

-ਲਕਸ਼ਮੀਕਾਂਤਾ ਚਾਵਲਾ-



ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੇ ਦੋ ਦਹਾਕਿਆਂ ਵਿੱਚ ਦੇਸ਼ ਦੀ ਰਾਜ ਸੱਤਾ ਉਨ੍ਹਾਂ ਦੇ ਹੱਥਾਂ ਵਿੱਚ ਰਹੀ ਜਿਨ੍ਹਾਂ ਨੇ ਸੁਤੰਤਰਤਾ ਲਈ ਖੁਦ ਸਾਧਨਾ ਕੀਤੀ ਸੀ ਤੇ ਉਨ੍ਹਾਂ ਨੇ ਅਸਲ ਵਿੱਚ ਭਾਰਤ ਦੀ ਜਨਤਾ ਦੇ ਪ੍ਰਤੀਨਿਧ ਬਣ ਕੇ ਲੋਕ ਹਿੱਤ ਦਾ ਕੰਮ ਕੀਤਾ ਸੀ। ਹੌਲੀ-ਹੌਲੀ ਉਹ ਪੀੜ੍ਹੀ ਜਦ ਸਮੇਂ ਦੇ ਨਾਲ ਲੁਪਤ ਹੋਣ ਲੱਗੀ ਤਾਂ ਕੁਝ ਨੇਤਾਵਾਂ ਵਿੱਚ ਪਰਵਾਰ ਦਾ ਮੋਹ ਬੁਰੀ ਤਰ੍ਹਾਂ ਜਾਗ ਗਿਆ ਤੇ ਉਨ੍ਹਾਂ ਨੇ ਸੱਤਾ ਇਸ ਤਰ੍ਹਾਂ ਅਗਲੀ ਪੀੜ੍ਹੀ ਨੂੰ ਸੌਂਪੀ, ਜਿਵੇਂ ਇਹ ਉਨ੍ਹਾਂ ਦੀ ਜਾਗੀਰ ਹੋਵੇ। ਇੰਝ ਰਾਜਨੀਤੀ ਵਿੱਚ ਭਾਈ ਭਤੀਜਾਵਾਦ ਦਾ ਚਲਨ ਹੋਇਆ। ਇਸ ਤੋਂ ਬਾਅਦ ਰਾਜਨੀਤੀ ਵਿੱਚ ਵੰਸ਼ਵਾਦ ਦੇ ਨਾਂਅ 'ਤੇ ਸਭ ਤੋਂ ਪਹਿਲਾਂ ਨਹਿਰੂ ਖਾਨਦਾਨ ਦਾ ਨਾਂਅ ਚੱਲਿਆ ਤੇ ਅੱਜਕੱਲ੍ਹ ਵੰਸ਼ਵਾਦ ਹਰ ਸੂਬੇ, ਹਰ ਪਾਰਟੀ ਦੀ ਗੱਲ ਹੋ ਗਈ ਹੈ। ਜਿਵੇਂ-ਜਿਵੇਂ ਸਿਆਸੀ ਦਲਾਂ ਦੇ ਮੁਖੀ ਬਜ਼ੁਰਗ ਹੁੰਦੇ ਗਏ ਤੇ ਪਰਵਾਰ ਵੱਧਦਾ ਗਿਆ, ਉਸ ਦੇ ਨਾਲ ਭਾਈ ਭਤੀਜਾਵਾਦ ਦੀ ਬੁਰਾਈ ਤੇਜ਼ੀ ਨਾਲ ਸਿਰ ਚੁੱਕਦੀ ਗਈ। ਅਜੇ ਵੀ ਉਤਰ ਪ੍ਰਦੇਸ਼ ਵਿੱਚ ਪੁੱਤਰਾਂ ਅਤੇ ਨੂੰਹਾਂ ਦੇ ਨਾਲ ਭਰਾ-ਭਤੀਜਿਆਂ ਦਾ ਸਿਆਸਤ ਵਿੱਚ ਗਲਬਾ ਕਾਇਮ ਹੈ। ਇਹ ਵੀ ਸੱਚ ਹੈ ਕਿ ਜਿਵੇਂ ਜਿਵੇਂ ਆਪਣਾ ਪਰਵਾਰ ਵਧਦਾ ਜਾਵੇ ਤਾਂ ਇਹ ਭਾਈ ਭਤੀਜੇ ਵੀ ਬੀਤੇ ਦੀ ਗੱਲ ਹੋ ਜਾਣਗੇ। ਹਰਿਆਣਾ ਦਾ ਚੌਟਾਲਾ ਪਰਵਾਰ ਪੁੱਤਰ-ਪੋਤਰਾਵਾਦ ਦੀ ਜਿਊਂਦੀ ਜਾਗਦੀ ਮਿਸਾਲ ਹੈ ਅਤੇ ਪੰਜਾਬ ਵਿੱਚ ਬਾਦਲ ਅਤੇ ਜੰਮੂ-ਕਸ਼ਮੀਰ ਵਿੱਚ ਅਬਦੁੱਲਾ ਸ਼ਾਸਕ ਇਸੇ ਪਰੰਪਰਾ ਨੂੰ ਪਾਲ ਰਹੇ ਹਨ।

ਭਾਰਤ ਦੀ ਪਾਰਲੀਮੈਂਟ ਨੇ ਲੋਕਲ ਬਾਡੀਜ਼ ਵਿੱਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦਿੱਤਾ। ਇਹ ਕਾਨੂੰਨ ਹਰ ਜਾਗਰੂਕ ਮਹਿਲਾ ਨੂੰ ਪ੍ਰਸੰਨਤਾ ਦੇਣ ਵਾਲਾ ਸੀ, ਪਰ ਇਸ ਦਾ ਨਤੀਜਾ ਉਲਟ ਹੋਣ ਬਾਰੇ ਉਦੋਂ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਨਿੰਮ 'ਤੇ ਕੌੜੇ ਕਰੇਲਿਆਂ ਦੀ ਵੇਲ ਚੜ੍ਹ ਜਾਵੇਗੀ ਤੇ ਪਰਵਾਰ-ਤੰਤਰ ਬਣਦਾ ਜਾ ਰਿਹਾ ਲੋਕਤੰਤਰ ਮਹਿਲਾ ਰਾਖਵਾਂਕਰਨ ਨੂੰ ਵੀ ਲਪੇਟ ਵਿੱਚ ਲੈ ਲਵੇਗਾ। ਮੇਰਾ ਇਹ ਵਿਚਾਰ ਹੈ ਕਿ ਮਹਿਲਾਵਾਂ ਲਈ ਵਾਰਡ ਰਾਖਵਾਂਕਰਨ ਕਰ ਕੇ ਸਰਕਾਰ ਨੇ ਮਹਿਲਾ ਕਾਰਕੁਨਾਂ ਨੂੰ ਕਮਜ਼ੋਰ ਕੀਤਾ ਹੈ। ਜੇ ਅਸਲ ਵਿੱਚ ਰਾਜਨੀਤੀ ਦੇ ਖੇਤਰ ਅਤੇ ਲੋਕਲ ਬਾਡੀਜ਼ ਲਈ ਔਰਤਾਂ ਨੂੰ ਪ੍ਰਭਾਵਸ਼ਾਲੀ ਭੂਮਿਕਾ ਦੇਣ ਦਾ ਵਿਚਾਰ ਸਾਡੀ ਪਾਰਲੀਮੈਂਟ ਰੱਖਦੀ ਤਾਂ ਨਿਯਮ ਇਹ ਬਣਾਇਆ ਜਾਂਦਾ ਕਿ ਹਰ ਰਾਜਨੀਤਕ ਪਾਰਟੀ 33 ਫੀਸਦੀ ਟਿਕਟਾਂ ਚੋਣਾਂ ਵਿੱਚ ਔਰਤਾਂ ਨੂੰ ਦੇਵੇਗੀ, ਪਰ ਅਜਿਹਾ ਨਹੀਂ ਕੀਤਾ ਗਿਆ। ਮਹਿਲਾ ਰਾਖਵਾਂਕਰਨ ਕਾਨੂੰਨ ਬਣਾਉਣ ਦੀ ਨੀਤ 'ਤੇ ਸ਼ੱਕ ਕਰਨਾ ਵਾਜਿਬ ਨਹੀਂ, ਪਰ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਵਾਰਡ ਰਾਖਵਾਂਕਰਨ ਅਤੇ ਹਰ ਚੋਣ ਵਿੱਚ ਰਾਖਵੇਂ ਵਾਰਡ ਨੂੰ ਬਦਲ ਦੇਣ ਨਾਲ ਔਰਤਾਂ ਨਾਲ ਉਤਪੰਨ ਹੋਣ ਵਾਲੇ ਉਲਟ ਹੋਵੇਗਾ। ਹੁਣ ਪੰਜਾਬ ਸਰਕਾਰ ਸਮੇਤ ਦੇਸ਼ ਦੀਆਂ ਕਈ ਸੂਬਾ ਸਰਕਾਰਾਂ ਨੇ ਮਹਿਲਾਵਾਂ ਦੀ ਭਾਗੀਦਾਰੀ ਲੋਕਲ ਬਾਡੀਜ਼ ਵਿੱਚ ਪੰਜਾਹ ਫੀਸਦੀ ਕਰ ਦਿੱਤੀ ਹੈ। ਮੈਨੂੰ ਨਹੀਂ ਲੱਗਦਾ ਕਿ ਇਸ ਨਾਲ ਔਰਤਾਂ ਦੀ ਹਾਲਤ ਸੁਧਰੇਗੀ। ਇਹ ਠੀਕ ਹੈ ਕਿ ਉਨ੍ਹਾਂ ਦੀ ਤਾਕਤ ਨਾਲ ਪਤੀ, ਪੁੱਤਰ ਜ਼ਰੂਰ ਸ਼ਕਤੀਮਾਨ ਬਣ ਜਾਣਗੇ।

ਜਿਸ ਤਰ੍ਹਾਂ ਸਿਆਸਤਦਾਨਾਂ ਪ੍ਰਤੀ ਜਨਤਾ ਦਾ ਵਿਸ਼ਵਾਸ ਘਟਦਾ ਜਾਂਦਾ ਹੈ, ਮੈਨੂੰ ਲੱਗਦਾ ਹੈ ਕਿ ਇਸੇ ਤਰ੍ਹਾਂ ਚੋਣ ਰਾਜਨੀਤੀ ਵਿੱਚ ਸਰਗਰਮ ਨੇਤਾ ਵੀ ਦੂਜਿਆਂ 'ਤੇ ਭਰੋਸਾ ਬਹੁਤ ਘੱਟ ਕਰਦੇ ਹਨ। ਇਸੇ ਦਾ ਇਹ ਮਾੜਾ ਨਤੀਜਾ ਹੈ ਕਿ ਸਥਾਨਕ ਸਵੈ-ਸ਼ਾਸਨ ਵਿੱਚ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਦੂਜੀ ਤੇ ਤੀਜੀ ਪੰਕਤੀ ਦੇ ਨੇਤਾਵਾਂ ਦਾ ਆਪਣੀ ਪਤਨੀ ਅਤੇ ਪਰਵਾਰ ਦੇ ਨੇੜਲੇ ਸੰਬੰਧੀਆਂ ਦੇ ਇਲਾਵਾ ਹੋਰ ਕਿਸੇ 'ਤੇ ਭਰੋਸਾ ਨਹੀਂ ਰਿਹਾ। ਵਾਰਡ ਔਰਤਾਂ ਲਈ ਰਾਖਵਾਂ ਹੋ ਜਾਣ 'ਤੇ ਜਦ ਨੇਤਾ ਚੋਣ ਨਹੀਂ ਲੜ ਸਕਦਾ ਤਾਂ ਉਸ ਨੂੰ ਸਿਰਫ ਆਪਣੀ ਪਤਨੀ ਚੋਣ ਮੈਦਾਨ ਵਿੱਚ ਉਤਾਰਨ ਲਈ ਯੋਗ ਦਿਖਾਈ ਦਿੰਦੀ ਹੈ ਅਤੇ ਇਸੇ ਦਾ ਨਤੀਜਾ ਇਹ ਹੈ ਕਿ ਪੰਜਾਬ ਵਿੱਚ ਨਗਰ ਨਿਗਮ ਤੇ ਨਗਰ ਪਾਲਿਕਾਵਾਂ ਦੀਆਂ ਜੋ ਚੋਣਾਂ ਹੁੰਦੀਆਂ ਰਹੀਆਂ, ਉਥੇ ਨੱਬੇ ਫੀਸਦੀ ਤੋਂ ਵੱਧ ਔਰਤਾਂ ਚੋਣ ਪਿੜ ਵਿੱਚ ਅਗਵਾਈ ਕਰਦੀਆਂ ਦਿਖਾਈ ਦਿੰਦੀਆਂ ਰਹੀਆਂ, ਜਿਨ੍ਹਾਂ ਦੀ ਆਪਣੀ ਕੋਈ ਸਮਾਜਕ, ਸਿਆਸੀ ਹਸਤੀ ਨਹੀਂ, ਇਹ ਹੀ ਪਛਾਣ ਹੈ ਕਿ ਉਹ ਸੰਬੰਧਤ ਔਰਤ ਕਿਸੇ ਸੀਨੀਅਰ ਜਾਂ ਸਰਗਰਮ ਅਹੁਦੇਦਾਰ ਦੀ ਪਤਨੀ ਹੈ। ਕਿਤੇ-ਕਿਤੇ ਨੇਤਾਵਾਂ ਦੀ ਮਾਂ ਜਾਂ ਨੂੰਹ ਵੀ ਚੋਣ ਪਿੜ ਵਿੱਚ ਦਿਖਾਈ ਦਿੰਦੀ ਹੈ।

ਵੈਸੇ ਮਹਿਲਾ ਸਮਾਨਤਾ ਅਤੇ ਸ਼ਕਤੀਕਰਨ ਦੇ ਨਾਅਰੇ ਸਟੇਜਾਂ ਤੋਂ ਲੱਗਦੇ ਹਨ, ਲੱਖਾਂ ਰੁਪਏ ਖਰਚ ਕੇ ਇਸ 'ਤੇ ਪ੍ਰਾਂਤਕ ਅਤੇ ਕੌਮੀ ਪੱਧਰ 'ਦੇ ਸੈਮੀਨਾਰ ਵੀ ਕਰਵਾਏ ਜਾਂਦੇ ਹਨ, ਪਰ ਔਰਤਾਂ ਅਸਲ ਵਿੱਚ ਕਿੰਨੀਆਂ ਮਜ਼ਬੂਤ ਹਨ, ਇਸ ਦੀ ਜਿਊਂਦੀ-ਜਾਗਦੀ ਮਿਸਾਲ ਪੰਜਾਬ ਵਿੱਚ ਚੋਣਾਂ ਦੇ ਪੋਸਟਰ ਅਤੇ ਬੈਨਰ ਦੇਖ ਕੇ ਲੱਗ ਸਕਦਾ ਹੈ। ਇੱਕ ਵੀ ਪੁਰਸ਼ ਉਮੀਦਵਾਰ ਅਜਿਹਾ ਨਹੀਂ, ਜਿਸ ਦੀ ਪ੍ਰਚਾਰ ਸਮੱਗਰੀ ਵਿੱਚ ਉਸ ਦੀ ਪਤਨੀ ਦੀ ਫੋਟੋ ਜਾਂ ਨਾਂਅ ਛਪਿਆ ਹੋਵੇ। ਉਨ੍ਹਾਂ ਦੀ ਇੱਕ ਪਛਾਣ ਹੈ ਕਿ ਉਹ ਖਾਸ ਕਾਰਕੁਨਾਂ ਦੀਆਂ ਪਤਨੀਆਂ ਹਨ। ਇਹ ਹਕੀਕਤ ਹੈ ਕਿ ਪਤਨੀ ਕਿੰਨੀ ਵੀ ਯੋਗ ਕੌਂਸਲਰ ਜਾਂ ਪੰਚ ਸਰਪੰਚ ਸਿੱਧ ਹੋ ਜਾਵੇ, ਉਸ ਨੂੰ ਅਗਲੀ ਵਾਰ ਚੋਣ ਨਹੀਂ ਲੜਨ ਦਿੱਤੀ ਜਾਵੇਗੀ ਅਤੇ ਸਿਰਫ ਪਤਨੀ ਅਜਿਹਾ ਪ੍ਰਾਣੀ ਹੋਵੇਗੀ, ਜੋ ਪਤੀ ਦੇ ਇਸ਼ਾਰੇ 'ਤੇ ਆਪਣਾ ਬਣਿਆ-ਬਣਾਇਆ ਕਾਰਜ ਖੇਤਰ ਛੱਡ ਕੇ ਰਸੋਈ ਤੱਕ ਸੀਮਿਤ ਹੋ ਜਾਵੇਗੀ। ਸੰਨ 1991 ਤੋਂ 2012 ਤੱਕ ਦੀਆਂ ਜਿੰਨੀਆਂ ਵੀ ਲੋਕਲ ਬਾਡੀਜ਼ ਚੋਣਾਂ ਹੋਈਆਂ, ਉਥੇ ਨੱਬੇ ਫੀਸਦੀ ਔਰਤਾਂ ਅਜਿਹੀਆਂ ਹਨ, ਜੋ ਇੱਕ ਵਾਰ ਕੌਂਸਲਰ ਬਣਨ ਪਿੱਛੋਂ ਉਮੀਦਵਾਰ ਨਹੀਂ ਬਣਾਈਆਂ। ਅੱਜ ਵੀ ਪੰਜਾਬ ਵਿੱਚ ਬਹੁਤਾ ਕਰ ਕੇ ਉਹੀ ਮਹਿਲਾਵਾਂ ਉਮੀਦਵਾਰ ਬਣੀਆਂ ਹਨ, ਜੋ ਪਤੀ ਦੇ ਨਾਂਅ 'ਤੇ ਜਾਂ ਉਸ ਦੀ ਜਗ੍ਹਾ ਟਿਕਟ ਲੈ ਰਹੀਆਂ ਹਨ।

ਬਹੁਤ ਸਾਰੇ ਕੌਂਸਲਰ ਪਤੀ ਅਤੇ ਸਰਪੰਚ ਪਤੀ ਪਿਛਲੇ ਦਿਨੀਂ ਜੋ ਕਾਰਨਾਮੇ ਕਰ ਚੁੱਕੇ ਹਨ, ਉਹ ਕਿਸੇ ਤੋਂ ਛਿਪੇ ਨਹੀਂ ਹਨ। ਚਿੰਤਾ ਦੀ ਗੱਲ ਇਹ ਹੈ ਕਿ ਪੰਚ ਪਤੀ, ਸਰਪੰਚ ਪਤੀ ਅਤੇ ਕੌਂਸਲਰ ਪਤੀ ਕੁਝ ਜ਼ਿਆਦਾ ਹੀ ਸਰਗਰਮ ਹੋ ਕੇ ਆਪਣੀ ਹੋਂਦ ਸਰਕਾਰ ਅਤੇ ਸਮਾਜ ਵਿੱਚ ਦਰਜ ਕਰਾਉਂਦੇ ਹਨ। ਸਰਕਾਰੀ ਦਫਤਰਾਂ ਵਿੱਚ ਜ਼ਿਆਦਾਤਰ ਇਹੀ ਕੌਂਸਲਰ ਪਤੀ ਤੇ ਪੰਚ ਸਰਪੰਚ ਪਤੀ ਜਾਂਦੇ ਹਨ। ਮੰਚਾਂ ਦੀ ਸ਼ੋਭਾ ਵੀ ਇਹੀ ਬਣਦੇ ਹਨ ਅਤੇ ਅਕਸਰ ਆਪਣੀ ਜੇਬ ਵਿੱਚ ਕੌਂਸਲਰ ਤੇ ਸਰਪੰਚ ਦੀ ਮੋਹਰ ਰੱਖਦੇ ਹਨ। ਆਪਣੀ ਕਲਮ ਨਾਲ ਪਤਨੀ ਦਾ ਨਾਂਅ ਲਿਖ ਕੇ ਸਭ ਤਰ੍ਹਾਂ ਦੇ ਸਰਟੀਫਿਕੇਟਾਂ ਨੂੰ ਤਸਦੀਕ ਕਰ ਦਿੰਦੇ ਹਨ। ਉੱਤਰ ਪ੍ਰਦੇਸ਼ ਵਿੱਚ ਕੁਝ ਸਾਲ ਪਹਿਲਾਂ ਸਾਬਕਾ ਕੌਂਸਲਰ ਪਤੀਆਂ ਲਈ ਇੱਕ ਕਾਨੂੰਨ ਵੀ ਬਣਾਇਆ ਗਿਆ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਦੀਆਂ ਮੀਟਿੰਗਾਂ ਵਿੱਚ ਆਪਣੀਆਂ ਪਤਨੀਆਂ ਨਾਲ ਨਾ ਬੈਠਣ ਵਾਸਤੇ ਹੁਕਮ ਸੁਣਾਇਆ ਗਿਆ ਸੀ। ਸੱਚ ਇਹ ਹੈ ਕਿ ਜੇ ਕਿਸੇ ਨਗਰ ਨਿਗਮ ਜਾਂ ਨਗਰ ਪਾਲਿਕਾ ਵਿੱਚ ਪੰਜਾਹ ਫੀਸਦੀ ਮੈਂਬਰ ਔਰਤਾਂ ਬਣ ਰਹੀਆਂ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਮਹਿਲਾ ਕੌਂਸਲਰਾਂ ਦੇ ਪਤੀ, ਪੁੱਤਰ ਜਾਂ ਪਿਤਾ ਕੌਂਸਲਰ ਤੋਂ ਵੱਧ ਸੱਤਾ ਦੀ ਵਰਤੋਂ ਜਾਂ ਦੁਰਵਰਤੋਂ ਕਰਨਗੇ, ਪਹਿਲਾਂ ਵੀ ਕਰਦੇ ਰਹੇ ਹਨ।

ਵਿਧਾਨ ਸਭਾ ਅਤੇ ਪਾਰਲੀਮੈਂਟ ਲਈ ਔਰਤਾਂ ਨੂੰ ਰਾਖਵਾਂਕਰਨ ਦੇਣ ਦਾ ਬਿੱਲ ਸਾਲਾਂ ਤੋਂ ਲਟਕ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਹ ਅਗਲੇ ਕਈ ਸਾਲ ਇੰਝ ਹੀ ਲਟਕੇਗਾ। ਰਾਖਵਾਂਕਰਨ ਮਿਲ ਵੀ ਗਿਆ ਤਾਂ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਵੀ ਆਮ ਮਹਿਲਾ ਕਾਰਕੁਨਾਂ ਨੂੰ ਦਾਖਲਾ ਮਿਲਣ ਵਾਲਾ ਨਹੀਂ। ਨੇਤਾ ਪਤਨੀ ਅਤੇ ਨੇਤਾਵਾਂ ਦਾ ਪਰਵਾਰ ਇਸ 'ਤੇ ਕਬਜ਼ਾ ਕਰ ਲਵੇਗਾ। ਇਸ ਦਾ ਹੱਲ ਕੀ ਹੋਵ-ੇਗਾ। ਜਿਸ ਦਿਨ ਤੋਂ ਮਹਿਲਾ ਰਾਖਵਾਂਕਰਨ ਦਾ ਕਾਨੂੰਨ ਬਣਿਆ, ਉਦੋਂ ਤੋਂ ਮੇਰਾ ਇਹੀ ਵਿਚਾਰ ਰਿਹਾ ਹੈ ਕਿ ਕਾਨੂੰਨ ਚੰਗਾ ਹੈ, ਪਰ ਇਸ ਨਾਲ ਆਮ ਕਾਰਕੁਨ ਮਹਿਲਾ ਨੂੰ ਕੁਝ ਮਿਲਣ ਵਾਲਾ ਨਹੀਂ। ਜੋ ਕਮੇਟੀਆਂ ਚੋਣਾਂ ਵਿੱਚ ਟਿਕਟ ਦੇਣ ਲਈ ਬਣਾਈਆਂ ਜਾਂਦੀਆਂ ਹਨ, ਉਥੇ ਨੇਤਾ ਪਤਨੀਆਂ ਨੂੰ ਅੱਗੇ ਕਰਨ ਵਾਲਿਆਂ ਦੀ ਬਹੁਤਾਤ ਹੈ। ਪੰਜਾਬ ਵਿੱਚ ਅੱਜਕੱਲ੍ਹ ਨਗਰ ਨਿਗਮਾਂ ਲਈ ਉਮੀਦਵਾਰ ਚੁਣਨ ਦੀ ਪ੍ਰਕਿਰਿਆ ਏਦਾਂ ਦੀ ਹੋ ਰਹੀ ਹੈ।

ਇਹ ਅਜਿਹੀ ਬਿਮਾਰੀ ਹੈ, ਜੋ ਕਿਸੇ ਇੱਕ ਸਿਆਸੀ ਪਾਰਟੀ ਨੂੰ ਨਹੀਂ, ਸਾਰੀਆਂ ਪਾਰਟੀਆਂ ਨੂੰ ਹੈ। ਸਵਾਲ ਇਹ ਹੈ ਕਿ ਜਿਨ੍ਹਾਂ ਮਹਿਲਾਵਾਂ ਨੇ ਸਾਲਾਂ ਤੋਂ ਸਿਆਸੀ ਖੇਤਰ ਵਿੱਚ ਮਹੱਤਵ ਪੂਰਨ ਕੰਮ ਕੀਤਾ ਹੈ, ਪ੍ਰਭਾਵਸ਼ਾਲੀ ਮੋਰਚੇ ਸੰਭਾਲੇ ਹਨ, ਅੰਦੋਲਨਾਂ ਵਿੱਚ ਅੱਗੇ ਰਹੀਆਂ ਹਨ, ਵਿਧਾਨ ਸਭਾ ਤੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਦਾ ਇੱਕ ਵੱਡਾ ਸਿਹਰਾ ਉਨ੍ਹਾਂ ਨੂੰ ਵੀ ਪੰਚ ਬਣਨਾ ਉਨ੍ਹਾਂ ਦਾ ਅਧਿਕਾਰ ਨਹੀਂ? ਚੰਗਾ ਹੋਵੇਗਾ, ਜੇ ਦੇਸ਼ ਦੀ ਪਾਰਲੀਮੈਂਟ ਮਹਿਲਾ ਰਾਖਵਾਂਕਰਨ ਕਾਨੂੰਨ ਵਿੱਚ ਜੋ ਕਮੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਵਿਚਾਰ ਕੇ ਦੂਰ ਕਰੇ, ਨਹੀਂ ਤਾਂ ਪਰਵਾਰਵਾਦ, ਪਤਨੀਵਾਦ ਭਵਿੱਖ ਵਿੱਚ ਪਤਾ ਨਹੀਂ ਕਿਸ ਵਾਦ ਨੂੰ ਜਨਮ ਦੇਵੇਗਾ। ਵੈਸੇ ਪਤਨੀਵਾਦ ਨੂੰ ਮਜ਼ਬੂਤ ਬਣਾਉਣ ਵਿੱਚ ਲਾਲੂ ਪ੍ਰਸਾਦ ਯਾਦਵ ਅਤੇ ਰਾਬੜੀ ਦੇਵੀ ਦਾ ਸਹਿਯੋਗ ਸਲਾਘਾਯੋਗ ਹੈ।

# ਹੀਰਾ ਨਗਰ ਸੈਕਟਰ ’ਚ ਮਿਲੀ ਸੁਰੰਗ ਤੇ ਪਠਾਨਕੋਟ ਏਅਰਪੋਰਟ ’ਤੇ ਹਮਲੇ ਦੇ ਤਾਰ ਜੁੜਨ ਲੱਗੇ



ਸ੍ਰੀਨਗਰ, 26 ਜਨਵਰੀ (ਪੋਸਟ ਬਿਊਰੋ)- ਭਾਰਤੀ ਹਵਾਈ ਸੈਨਾ ਦੇ ਪਠਾਨਕੋਟ ਹਵਾਈ ਅੱਡੇ ’ਤੇ ਜਨਵਰੀ 2016 ’ਚ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਵੱਲੋਂ ਕੀਤੇ ਹਮਲੇ ਦੇ ਤਾਰ ਬੀਤੇ ਦਿਨੀਂ ਬੀ ਐਸ ਐਫ ਵੱਲੋਂ ਹੀਰਾਨਗਰ ਦੀ ਪੈਂਸਰ ਕੌਮਾਂਤਰੀ ਸਰਹੱਦ ਨੇੜੇ ਲੱਭੀ ਸੁਰੰਗ ਨਾਲ ਜੁੜਦੇ ਨਜ਼ਰ ਆ ਰਹੇ ਹਨ।

ਪਠਾਨਕੋਟ ਹਵਾਈ ਅੱਡੇ ਸਮੇਤ ਜੰਮੂ ਅਤੇ ਕਸ਼ਮੀਰ ’ਚ ਕਈ ਵੱਡੇ ਹਮਲਿਆਂ ਦਾ ਪ੍ਰਮੁੱਖ ਸਾਜ਼ਿਸਕਾਰ ਜੈਸ਼ ਦਾ ਆਪ੍ਰੇਸ਼ਨਲ ਕਮਾਂਡਰ ਕਾਸਿਮ ਜਾਨ ਇਸ ਸੁਰੰਗ ਦੇ ਪਾਰ ਸ਼ੰਕਰਗੜ੍ਹ ਇਲਾਕੇ ’ਚ ਵੇਖਿਆ ਗਿਆ ਸੀ। ਜਾਣਕਾਰ ਸੂਤਰਾਂ ਅਨੁਸਾਰ ਅੱਠ ਸਾਲ ਪੁਰਾਣੀ ਦੱਸੀ ਜਾਂਦੀ ਪੈਂਸਰ ਨੇੜੇ ਦੀ ਇਸ ਸੁਰੰਗ ਦੇ ਤਾਰ ਪਠਾਨਕੋਟ ਜਾਂ ਜੰਮੂ-ਕਸ਼ਮੀਰ ’ਚ ਹੋਏ ਕਈ ਹਮਲਿਆਂ ਨਾਲ ਹੀ ਨਹੀਂ, ਨਗਰੋਟਾ ਟੋਲ ਪਲਾਜ਼ਾ ਤੇ ਸ੍ਰੀਨਗਰ-ਜੰਮੂ ਕੌਮੀ ਮਾਰਗ ’ਤੇ ਝੱਜਰ ਕੋਟਲੀ ਵਿੱਚ ਹੋਏ ਹਮਲਿਆਂ ਨਾਲ ਵੀ ਜੁੜ ਰਹੇ ਹਨ, ਜਿੱਥੋਂ ਅੱਤਵਾਦੀ ਘੁਸਪੈਠ ਅਤੇ ਹਥਿਆਰਾਂ ਦੀ ਤਸਕਰੀ ਕਰਦੇ ਸਨ। ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਜੰਮੂ ’ਚ ਹੋਏ ਕਈ ਹਮਲਿਆਂ ਦੀ ਜਾਂਚ ਆਪਣੇ ਹੱਥ ’ਚ ਲਈ ਹੋਈ ਹੈ ਅਤੇ ਇਸ ਮਾਮਲੇ ਨੂੰ ਵੀ ਆਪਣੇ ਹੱਥ ’ਚ ਲੈ ਸਕਦੀ ਹੈ।ਬੀਤੇ ਦਿਨੀਂ ਪੰਜਾਬ ਪੁਲਸ ਦੀ ਇੱਕ ਟੀਮ ਵੀ ਇਸ ਸੁਰੰਗ ਦਾ ਜਾਇਜ਼ਾ ਲੈਣ ਲਈ ਹੀਰਾਨਗਰ ਦੀ ਕੌਮਾਂਤਰੀ ਸਰਹੱਦ ਦਾ ਦੌਰਾ ਕਰ ਚੁੱਕੀ ਹੈ। ਪਠਾਨਕੋਟ ਹਮਲੇ ਦੀ ਜਾਂਚ ਐਨ ਆਈ ਏ ਨੂੰ ਸੌਂਪਣ ਤੋਂ ਪਹਿਲਾਂ ਇਸ ਮਾਮਲੇ ਦੀ ਜਾਂਚ ਵੀ ਪੰਜਾਬ ਪੁਲਸ ਨੇ ਕੀਤੀ ਸੀ। ਹੀਰਾਨਗਰ ਤੇ ਸਾਂਬਾ ਸੈਕਟਰਾਂ ਤੋਂ ਜੰਮੂ-ਪਠਾਨਕੋਟ ਹਾਈਵੇਅ ਬਹੁਤ ਨੇੜੇ ਹੈ ਅਤੇ ਅੱਤਵਾਦੀ ਘੁਸਪੈਠ ਕਰਨ ਤੋਂ ਬਾਅਦ ਆਸਾਨੀ ਨਾਲ ਹਾਈਵੇਅ ’ਤੇ ਪਹੁੰਚ ਜਾਂਦੇ ਹਨ।

# ਪਿਤਾ ਪ੍ਰੋਫੈਸਰ ਤੇ ਮਾਂ ਪ੍ਰਿੰਸੀਪਲ ਨੇ ਕਲਯੁੱਗ-ਸਤਯੁੱਗ ਦੇ ਚੱਕਰ ਵਿੱਚ ਬੇਟੀਆਂ ਨੂੰ ਮਾਰ ਦਿੱਤਾ




ਅਮਰਾਵਤੀ, 26 ਜਨਵਰੀ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਚਿਤੂਰ ਪਿੰਡ ਵਿੱਚ ਮਾਤਾ-ਪਿਤਾ ਨੇ ਆਪਣੀਆਂ ਦੋ ਬੇਟੀਆਂ ਦੀ ਇਸ ਆਸ ਵਿੱਚ ਹੱਤਿਆ ਕਰ ਦਿੱਤੀ ਕਿ ਕਲਯੁੱਗ-ਸਤਯੁੱਗ ਵਿੱਚ ਬਦਲਣ ਵਾਲਾ ਹੈ ਤੇ ਦੈਵੀ ਸ਼ਕਤੀ ਨਾਲ ਕੁਝ ਘੰਟਿਆਂ ਵਿੱਚ ਉਹ ਫਿਰ ਜਿੰਦਾ ਹੋ ਜਾਣਗੀਆਂ।

ਪੁਲਸ ਨੇ ਦੱਸਿਆ ਕਿ ਲੜਕੀਆਂ ਦੇ ਪਿਤਾ ਨੇ ਐਤਵਾਰ ਰਾਤ ਆਪਣੀਆਂ ਬੇਟੀਆਂ ਦੀ ਹੱਤਿਆ ਕਰਨ ਦੇ ਬਾਅਦ ਖੁਦ ਆਪਣੇ ਇੱਕ ਸਹਿਯੋਗੀ ਮੁਲਾਜ਼ਮ ਨੂੰ ਫੋਨ ਕਰ ਕੇ ਇਹ ਜਾਣਕਾਰੀ ਦਿੱਤੀ ਸੀ। ਇਸ ਦੇ ਬਾਅਦ ਹੈਰਾਨ ਹੋਏ ਪਏ ਸਹਿਯੋਗੀ ਮੁਲਾਜ਼ਮ ਨੇ ਪੁਲਸ ਨੂੰ ਇਸ ਬਾਰੇ ਦੱਸਿਆ।ਪੁਲਸ ਮੌਕੇ ’ਤੇ ਪਹੁੰਚੀ ਅਤੇ ਉਨ੍ਹਾਂ ਨੇ ਜੋੜੇ ਨੂੰ ਬੇਸੁੱਧ ਹਾਲਤ ਵਿੱਚ ਪਾਇਆ। ਪੁਲਸ ਨੂੰ ਸ਼ੱਕ ਹੈ ਕਿ ਪਰਵਾਰ ਕੁਝ ਸਮੇਂ ਤੋਂ ਕਿਸੇ ਰਹੱਸਮਈ ਕੰਮਾਂ ਵਿੱਚ ਸ਼ਾਮਲ ਸੀ। ਮਦਨਪੱਲੀ ਦੇ ਸਬ ਇੰਸਪੈਕਟਰ ਰਵੀ ਮਨੋਹਰਚਾਰੀ ਦੇ ਅਨੁਸਾਰ ਲੜਕੀਆਂ ਦੀ ਮਾਂ ਨੇ ਦੋਵਾਂ ਦੀ ਹੱਤਿਆ ਕੀਤੀ। ਇੱਕ ਧੀ ਦੀ ਹੱਤਿਆ ਤੋਂ ਪਹਿਲਾਂ ਉਸ ਦਾ ਮੁੰਡਨ ਵੀ ਕੀਤਾ ਗਿਆ ਸੀ। ਪਿਤਾ ਉਥੇ ਖੜ੍ਹਾ ਸਭ ਦੇਖਦਾ ਰਿਹਾ ਸੀ ਅਤੇ ਮਾਂ ਨੇ ਹੀ ਹੱਤਿਆਵਾਂ ਕੀਤੀਆਂ ਸਨ। ਉਨ੍ਹਾਂ ਦੇ ਅਨੁਸਾਰ ਛੋਟੀ ਬੇਟੀ ਨੂੰ ਪਹਿਲਾਂ ਤ੍ਰਿਸ਼ੂਲ ਨਾਲ ਮਾਰਿਆ ਗਿਆ ਅਤੇ ਫਿਰ ਵੱਡੀ ਬੇਟੀ ਦੀ ਡੰਬਲ ਨਾਲ ਹੱਤਿਆ ਕੀਤੀ ਗਈ। ਪੁਲਸ ਸੂਤਰਾਂ ਨੇ ਦੱਸਿਆ ਜੋੜੇ ਦੀ ਯੋਜਨਾ ਖੁਦ ਨੂੰ ਮਾਰਨ ਦੀ ਵੀ ਸੀ, ਪਰ ਪੁਲਸ ਸਮੇਂ ’ਤੇ ਉਥੇ ਪਹੁੰਚ ਗਈ। ਵੀ ਪੁਰਸ਼ੋਤਮ ਨਾਇਡੂ (ਐਮ ਐਸ ਸੀ, ਪੀ ਐਚ ਡੀ) ਮਦਨਪੱਲੀ ਵਿੱਚ ਸਰਕਾਰੀ ਮਹਿਲਾ ਡਿਗਰੀ ਕਾਲਜ ਵਿੱਚ ਐਸੋਸੀਏਟ ਪ੍ਰੋਫੈਸਰ ਹੈ। ਉਹ ਕਾਲਜ ਦਾ ਵਾਈਸ ਪ੍ਰਿੰਸੀਪਲ ਵੀ ਹੈ। ਉਸ ਦੀ ਪਤਨੀ ਪੋਸਟ ਗ੍ਰੈਜੂਏਟ ਅਤੇ ਗੋਲਡ ਮੈਡਲਿਸਟ ਵੀ ਹੈ, ਜੋ ਇੱਕ ਸਥਾਨਕ ਨਿੱਜੀ ਸਕੂਲ ਦੀ ਪ੍ਰਿੰਸੀਪਲ ਹੈ।ਉਨ੍ਹਾਂ ਦੀ ਵੱਡੀ ਬੇਟੀ ਏਲਿਕਾਖਿਆ (27) ਭੋਪਾਲ ਵਿੱਚ ਗ੍ਰੈਜੂਏਸ਼ਨ ਦੀ ਪੜ੍ਹਾਈ ਕਰ ਰਹੀ ਸੀ ਅਤੇ ਛੋਟੀ ਬੇਟੀ ਸਾਈ ਦਿਵਿਆ (22) ਏ ਆਰ ਰਹਿਮਾਨ ਦੇ ਕੇ ਐਮ ਸੰਗੀਤ ਸਕੂਲ ਵਿੱਚ ਨੌਕਰੀ ਕਰਦੀ ਸੀ।

ਕੋਰੋਨਾ ਵਾਇਰਸ ਦੇ ਮੱਦੇਨਜ਼ਰ ਲੱਗੇ ਲਾਕਡਾਊਨ ਦੇ ਬਾਅਦ ਤੋਂ ਦੋਵੇਂ ਬੇਟੀਆਂ ਆਪਣੇ ਮਾਤਾ-ਪਿਤਾ ਨਾਲ ਰਹਿ ਰਹੀਆਂ ਸੀ। ਡੀ ਐਸ ਪੀ ਨੇ ਕਿਹਾ, ਮਾਤਾ ਪਿਤਾ ਨੇ ਉਨ੍ਹਾਂ ਨੂੰ ਕਿਹਾ ਕਿ ਇੱਕ ਦਿਨ ਉਡੀਕ ਕਰਨ, ਉਨ੍ਹਾਂ ਦੀਆਂ ਬੇਟੀਆਂ ਜਿਉਂਦੀਆਂ ਹੋ ਜਾਣਗੀਆਂ। ਸਬ ਇੰਸਪੈਕਟਰ ਰਵੀ ਮਨੋਹਰਚਾਰੀ ਨੇ ਦੱਸਿਆ ਕਿ ਪਰਵਾਰ ਪੜ੍ਹਿਆ-ਲਿਖਿਆ ਸੀ ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੇ ਅਜਿਹਾ ਕਦਮ ਚੁੱਕਿਆ। ਪੁਲਸ ਨੇ ਜੋੜੇ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

# ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਇੱਕ ਜਣੇ ਦਾ ਕਤਲ




ਮਜੀਠਾ, 26 ਜਨਵਰੀ (ਪੋਸਟ ਬਿਊਰੋ)- ਕਸਬਾ ਮਜੀਠਾ ਵਿੱਚ ਪੈਸਿਆਂ ਦੇ ਲੈਣ-ਦੇਣ ਪਿੱਛੇ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ, ਜਿਸ ਬਾਰੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਜੋਬਨਪ੍ਰੀਤ (25) ਪੁੱਤਰ ਗਰੀਬ ਦਾਸ ਪਿੰਡ ਗੁੱਜਰਪੁਰਾ ਭੰਗਾਲੀ ਕਲਾਂ ਫਾਈਨਾਂਸ ਕੰਪਨੀ ਵਿੱਚ ਕੰਮ ਕਰਦਾ ਸੀ ਤੇ ਕਿਸ਼ਤਾਂ ਦੀ ਉਗਰਾਹੀ ਲਈ ਮਜੀਠਾ ਆਉਂਦਾ ਸੀ। ਕੱਲ੍ਹ ਸ਼ਾਮ ਉਹ ਖਾਸਾਪੱਤੀ, ਨੇੜੇ ਸਰਕਾਰੀ ਹਸਪਤਾਲ ਮਜੀਠਾ ਵਿਖੇ ਉਗਰਾਹੀ ਕਰਨ ਪੁੱਜਾ ਸੀ।ਇਸ ਦੌਰਾਨ ਉਹ ਰੋਸ਼ਨ ਪੁੱਤਰ ਪ੍ਰਕਾਸ਼ ਵਾਸੀ ਮਜੀਠਾ ਨੂੰ ਮਿਲਿਆ, ਜਿਸ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ। ਦੋਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਰੋਸ਼ਨ ਨੇ ਤੇਜ਼ਧਾਰ ਹਥਿਆਰ ਨਾਲ ਉਸ ਦੇ ਸਿਰ ’ਚ ਕਈ ਵਾਰ ਕੀਤੇ, ਜਿਸ ਕਾਰਨ ਜੋਬਨਪ੍ਰੀਤ ਦੀ ਮੌਕੇ ’ਤੇ ਮੌਤ ਹੋ ਗਈ। ਇਸ ਦੀ ਸੂਚਨਾ ਮਿਲਣ ’ਤੇ ਥਾਣਾ ਮਜੀਠਾ ਦੇ ਐਸ ਐਚ ਓ ਇੰਸਪੈਕਟਰ ਕਪਿਲ ਕੌਸ਼ਲ ਪੁਲਸ ਪਾਰਟੀ ਨਾਲ ਮੌਕੇ ’ਤੇ ਪਹੁੰਚੇ ਤੇ ਮੁਲਜ਼ਮ ਨੂੰ ਕਾਬੂ ਕਰ ਲਿਆ। ਐਸ ਐਚ ਓ ਦਾ ਕਹਿਣਾ ਹੈ ਕਿ ਮਿਲੀ ਸੂਚਨਾ ਅਨੁਸਾਰ ਮਾਮਲਾ ਪੈਸਿਆਂ ਦੇ ਲੈਣ-ਦੇਣ ਦਾ ਹੈ। ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁਲਜ਼ਮ ਕੋਲੋਂ ਪੁੱਛਗਿੱਛ ਤੋਂ ਬਾਅਦ ਹੀ ਅਸਲ ਤੱਥ ਸਾਹਮਣੇ ਆਉਣਗੇ। ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਦੋ ਕਿਸਾਨਾਂ ਨਾਲ ਮਾਰਕੁੱਟ ਕਰ ਕੇ ਟਰੈਕਟਰ ਟਰਾਲੀ ਖੋਹ ਲਈ

ਜਲੰਧਰ, 26 ਜਨਵਰੀ (ਪੋਸਟ ਬਿਊਰੋ)- ਨਕੋਦਰ ਵਿੱਚ ਦੋ ਕਿਸਾਨਾਂ ਨਾਲ ਮਾਰਕੁੱਟ ਅਤੇ ਗੋਲੀ ਮਾਰਨ ਦੀ ਧਮਕੀ ਦੇ ਕੇ ਉਨ੍ਹਾਂ ਦੀ ਟਰੈਕਟਰ ਟਰਾਲੀ ਖੋਹਣ ਦੇ ਮਾਮਲੇ ਵਿੱਚ ਪੁਲਸ ਨੇ ਰੇਤ ਕਾਰੋਬਾਰੀ ਦੇ ਕਾਰਿੰਦਿਆਂ ’ਤੇ ਪਰਚਾ ਦਰਜ ਕੀਤਾ ਹੈ। ਘਟਨਾ ਸ਼ੁੱਕਰਵਾਰ ਰਾਤ ਦੀ ਹੈ, ਪਰ ਜਾਂਚ ਦੇ ਬਾਅਦ ਥਾਣਾ ਸ਼ਾਹਕੋਟ ਦੀ ਪੁਲਸ ਨੇ ਬੀਤੇ ਐਤਵਾਰ ਪਰਚਾ ਦਰਜ ਕਰ ਲਿਆ ਅਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਨਕੋਦਰ ਦੇ ਪੰਧੇਰ ਪਿੰਡ ਦੇ ਕਿਸਾਨ ਭੁਪਿੰਦਰ ਸਿੰਘ ਨੇ ਦੱਸਿਆ ਕਿ 22 ਜਨਵਰੀ ਰਾਤ ਉਹ ਘਰ ਵਿੱਚ ਸੁੱਤਾਪਿਆ ਸੀ ਤਾਂ ਡਰਾਈਵਰ ਦਵਿੰਦਰ ਦਾ ਫੋਨ ਆਇਆ ਕਿ ਗੋਦੜੀ ਪੀਰ ਨੇੜੇ ਉਸ ਦੇ ਤੇ ਜੱਗੇ ਦੇ ਟਰੈਕਟਰ ਟਰਾਲੀ ਨੂੰ ਕੁਝ ਲੋਕਾਂ ਨੇ ਰੋਕ ਲਿਆ ਹੈ। ਦੋਸ਼ੀ ਤੇਜ਼ਧਾਰ ਹਥਿਆਰਾਂ ਅਤੇ ਬੰਦੂਕ ਨਾਲ ਲੈਸ ਹਨ। ਕਿਸਾਨ ਨੇ ਜੀ ਪੀ ਐਸ ਦੇ ਜ਼ਰੀਏ ਟਰੈਕਟਰ ਦੀ ਲੋਕੇਸ਼ਨ ਦੇਖੀ ਤਾਂ ਪਤਾ ਲੱਗਾ ਕਿ ਕੁਝ ਲੋਕਾਂ ਨੇ ਉਨ੍ਹਾਂ ਅਤੇ ਦੂਸਰੇ ਕਿਸਾਨ ਅਮਰਜੀਤ ਦਾ ਟਰੈਕਟਰ ਘੇਰਿਆ ਹੋਇਆ ਸੀ। ਉਹ ਅਮਰਜੀਤ ਸਿੰਘ ਅਤੇ ਜਤਿੰਦਰ ਸਿੰਘ ਨੂੰ ਲੈ ਕੇ ਗਏ ਤਾਂ ਦੇਖਿਆ ਕਿ ਏ ਪੀ ਐਸ ਨਰਸਿੰਗ ਕਾਲਜ ਮਲਸੀਆਂ ਦੇ ਸਾਹਮਣੇ ਕੁਝ ਲੋਕ ਉਨ੍ਹਾਂ ਦਾ ਟਰੈਕਟਰ ਲਿਜਾ ਰਹੇ ਸਨ। ਉਨ੍ਹਾਂ ਨੇ ਰੋਕਿਆ ਤਾਂ ਡਰਾਈਵਰ ਬੋਲੇ- ਮਾਲਕਾਂ ਨਾਲ ਗੱਲ ਕਰੋ। ਫਿਰਸ਼ਾਹਕੋਟ ਵੱਲੋਂ ਸੱਤ-ਅੱਠ ਗੱਡੀਆਂ ਆਈਆਂ। ਉਨ੍ਹਾਂ ਨੇ ਆਪਣੀਆਂ ਟਰੈਕਟਰ ਟਰਾਲੀਆਂ ਉਨ੍ਹਾਂ ਤੋਂ ਲੈ ਕੇ ਘਰ ਵੱਲ ਭਜਾ ਲਈਆਂ। ਜਦ ਪਿੰਡ ਕੰਗਣਾ ਤੋਂ ਉਹ ਘਰ ਵੱਲ ਜਾ ਰਹੇ ਸਨ ਤਾਂ ਬਰਫ ਦੇ ਕਾਰਖਾਨੇ ਦੇ ਨੇੜੇ ਉਨ੍ਹਾਂ ਨੂੰ ਰੋਕਿਆ ਤੇ ਠੇਕੇਦਾਰ ਦੇ ਕਾਰਿੰਦੇ ਲਾਲ ਉਰਫ ਸਰਪੰਚ, ਮਨੋਜ ਚੌਧਰੀ, ਰੌਕੀ ਕੰਗ ਅਤੇ ਕਾਲਾ ਧਰਮਕੋਟ ਨੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਅਤੇ ਟਰੈਕਟਰ ਟਰਾਲੀ ਲੈ ਗਏ।

# ਗੈਸ ਏਜੰਸੀ ਦੇ ਕਾਰਿੰਦੇ ’ਤੇ 6 ਨੌਜਵਾਨਾਂ ਵੱਲੋਂ ਹਥਿਆਰਾਂ ਨਾਲ ਹਮਲਾ

ਕਿਸ਼ਨਗੜ੍ਹ, 26 ਜਨਵਰੀ (ਪੋਸਟ ਬਿਊਰੋ)- ਪੁਲਸ ਚੌਕੀ ਪਚਰੰਗਾ ਦੇ ਪਿੰਡ ਕਾਲਾ ਬੱਕਰਾ ’ਚ ਇੱਕ ਗੈਸ ਏਜੰਸੀ ਦੇ ਗੁਦਾਮ ਦੇ ਕਾਰਿੰਦੇ ਕੋਲੋਂ ਮੋਟਰਸਾਈਕਲ ਤੇ ਐਕਟਿਵਾ ਸਵਾਰ 6 ਲੁਟੇਰੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਰੀਬ 50 ਹਜ਼ਾਰ ਰੁਪਏ ਦੀ ਨਕਦੀ ਤੇ ਇੱਕ ਮੋਬਾਈਲ ਲੁੱਟ ਕੇ ਫਰਾਰ ਹੋ ਗਏ।

ਗੈਸ ਏਜੰਸੀ ਦੇ ਮਾਲਕ ਪਰਵਾਰ ’ਚੋਂ ਗੁਲਬਹਾਰ ਸਿੰਘ ਨਿਵਾਸੀ ਜਲੰਧਰ ਨੇ ਦੱਸਿਆ ਕਿ ਉਨ੍ਹਾਂ ਦੀ ਭੋਗਪੁਰ ’ਚ ਪ੍ਰੀਤਮ ਗੈਸ ਏਜੰਸੀ ਹੈ ਜਿਸ ਦਾ ਗੁਦਾਮ ਕਾਲਾ ਬੱਕਰਾ ਵਿਖੇ ਆਲਮਗੀਰ ਲਿੰਕ ਰੋਡ ਉੱਤੇ ਹੈ। ਕੱਲ੍ਹ ਸਵੇਰੇ ਗੁਦਾਮ ’ਤੇ ਦੋ ਮੋਟਰ ਸਾਈਕਲਾਂ ਤੇ ਇੱਕ ਐਕਟਿਵਾ ’ਤੇ 6 ਅਣਪਛਾਤੇ ਨੌਜਵਾਨ ਤੇਜ਼ਧਾਰ ਹਥਿਆਰ ਨਾਲ ਲੈਸ ਹੋ ਕੇ ਆਏ, ਜਿਨ੍ਹਾਂ ਵਿੱਚੋਂ ਤਿੰਨ ਨੌਜਵਾਨ ਗੁਦਾਮ ਦੇ ਅੰਦਰ ਦਾਖ਼ਲ ਹੋਏ ਤੇ ਉਨ੍ਹਾਂ ਏਜੰਸੀ ਦੇ ਕਾਰਿੰਦੇ ਕੁਲਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਨਿਵਾਸੀ ਡੱਲਾ (ਭੋਗਪੁਰ) ਤੋਂ ਸਿਲੰਡਰ ਦੀ ਮੰਗ ਕੀਤੀ। ਜਦੋਂ ਕਾਰਿੰਦੇ ਨੇ ਸਿਲੰਡਰ ਦੀ ਪਰਚੀ ਦੀ ਮੰਗ ਕੀਤੀ ਤਾਂ ਇੱਕ ਲੁਟੇਰੇ ਨੇ ਕਾਰਿੰਦੇ ’ਤੇ ਕ੍ਰਿਪਾਨ ਨਾਲ ਵਾਰ ਕਰ ਦਿੱਤਾ ਤੇ ਉਸ ਨੇ ਆਪਣੇ-ਆਪ ਨੂੰ ਬਚਾਉਣ ਲਈ ਦਰਵਾਜ਼ਾ ਅੱਗੇ ਕਰ ਦਿੱਤਾ, ਜਿਸ ਕਾਰਨ ਕ੍ਰਿਪਾਨ ਉਸ ਦੀ ਬਾਂਹ ’ਤੇ ਲੱਗੀ ਤੇ ਦਰਵਾਜ਼ੇ ਨਾਲ ਟਕਰਾਉਣ ਨਾਲ ਉਸ ਦਾ ਬਚਾਅ ਹੋ ਗਿਆ ਤੇ ਲੁਟੇਰੇ ਉਸਦਾ ਪੈਸਿਆਂ ਵਾਲਾ ਬੈਗ ਤੇ ਮੋਬਾਈਲ ਫ਼ੋਨ ਚੁੱਕ ਉਸ ਨੂੰ ਗੋਦਾਮ ਦੇ ਉਕਤ ਕਮਰੇ ਵਿੱਚ ਬੰਦ ਕਰਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਬੈਗ ਵਿੱਚ ਕਰੀਬ 50,000 ਰੁਪਏ ਨਕਦੀ ਸੀ, ਜੋ ਲੁਟੇਰੇ ਲੈ ਗਏ। ਇਸ ਬਾਰੇ ਸੂਚਨਾ ਮਿਲਣ ’ਤੇ ਪੁਲਸ ਚੌਕੀ ਪਚਰੰਗਾ ਦੇ ਐਸ ਆਈ ਸੁਖਜੀਤ ਸਿੰਘ ਬੈਂਸ ਵੱਲੋਂ ਪੁਲਸ ਪਾਰਟੀ ਸਮੇਤ ਘਟਨਾ ਸਥਾਨ ’ਤੇ ਪਹੁੰਚ ਕੇ ਕਾਰਿੰਦੇ ਤੋਂ ਮੁਢਲੀ ਪੁੱਛਗਿੱਛ ਉਪਰੰਤ ਉਨ੍ਹਾਂ ਪੁਲਸ ਦੇ ਉਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਹੈ ਤੇ ਐਸ ਐਸ ਪੀ ਦਿਹਾਤੀ ਸੰਦੀਪ ਗਰਗਮੌਕੇ ’ਤੇ ਪਹੁੰਚੇ ਅਤੇ ਨਜ਼ਦੀਕੀ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਸ਼ੁਰੂ ਕਰਕੇ ਅਣਪਛਾਤੇ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਨੇਪਾਲੀ ਕਮਿਊਨਿਸਟਾਂ ਦੇ ਕਿਸੇ ਧੜੇ ਨੂੰ ਨੇਪਾਲ ਚੋਣ ਕਮਿਸ਼ਨ ਦੀ ਮਾਨਤਾ ਨਹੀਂ

ਕਾਠਮੰਡੂ, 26 ਜਨਵਰੀ (ਪੋਸਟ ਬਿਊਰੋ)- ਨੇਪਾਲਾ ਦੇ ਚੋਣ ਕਮਿਸ਼ਨ ਨੇ ਨੇਪਾਲੀ ਕਮਿਊਨਿਸਟ ਪਾਰਟੀ (ਐਨ ਸੀ ਪੀ) ਦੇ ਦੋਵਾਂ ਗਰੁੱਪਾਂ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਦੋਵੇਂ ਹੀ ਗਰੁੱਪ ਰਾਜਨੀਤਕ ਦਲ ਐਕਟ 2017 ਅਤੇ ਪਾਰਟੀ ਕਾਨੂੰਨ ਦਾ ਪਾਲਣ ਕਰਨ ਵਿੱਚ ਅਸਫਲ ਰਹੇ ਹਨ।

ਬੀਤੇ 20 ਦਸੰਬਰ ਨੂੰ ਤਤਕਾਲੀ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਵੱਲੋਂ ਪਾਰਲੀਮੈਂਟ ਦੇ ਹੇਠਲੇ ਸਦਨ ਨੂੰ ਭੰਗ ਕਰਨ ਦੇ ਦੋ ਦਿਨਾਂ ਬਾਅਦ ਪਾਰਟੀ ਦੋ ਹਿੱਸਿਆਂ ਵਿੱਚ ਵੰਡੀ ਗਈ ਸੀ। ਇੱਕ ਗਰੁੱਪਦੀ ਅਗਵਾਈ ਕਾਰਜਕਾਰੀ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਕਰ ਰਹੇ ਹਨ ਅਤੇ ਦੂਸਰੇ ਗਰੁੱਪਦੀ ਅਗਵਾਈ ਪੁਸ਼ਪ ਕਮਲ ਦਹਲ ‘ਪ੍ਰਚੰਡ’ ਅਤੇ ਮਾਧਵ ਕੁਮਾਰ ਨੇਪਾਲ ਵੱਲੋਂ ਕੀਤੀ ਜਾ ਰਹੀ ਹੈ। 2018 ਵਿੱਚ ਸੀ ਪੀ ਐਨ-ਯੂ ਐਮ ਐਲ ਅਤੇ ਸੀ ਪੀ ਐਨ (ਮਾਓਵਾਦੀ ਸੈਂਟਰ) ਦਾ ਰਲੇਵਾਂ ਕਰ ਕੇ ਐਨ ਸੀਪੀ ਬਣਾਈ ਗਈ ਸੀ।

ਓਧਰ ਨੇਪਾਲ ਪੁਲਸ ਨੇ ਕੱਲ੍ਹ ਰਾਜਧਾਨੀ ਕਾਠਮੰਡੂ ਵਿੱਚ ਪਾਰਲੀਮੈਂਟ ਭੰਗ ਕਰਨ ਤੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਖਿਲਾਫ ਪ੍ਰਦਰਸ਼ਨ ਕਰਦੇ ਕੁਝ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਨੇਪਾਲ ਵਿੱਚ ਅਮਰੀਕੀ ਰਾਜਦੂਤ ਰੈਂਡੀ ਬੇਰੀ ਨੇ ਨੇਪਾਲ ਕਮਿਊਨਿਸਟ ਪਾਰਟੀ (ਰਾਕਾਂਪਾ) ਦੇ ਵੱਡੇਗਰੁੱਪਦੇ ਪ੍ਰਧਾਨ ਪੁਸ਼ਪ ਕਮਲ ਦਹਲ ‘ਪ੍ਰਚੰਡ’ ਨਾਲ ਬੈਠਕ ਕੀਤੀ ਹੈ। ਇਸ ਦੌਰਾਨ ਐਨ ਸੀ ਪੀ ਨੇ ਭਾਵੇਂ ਕਾਰਜਕਾਰੀ ਪ੍ਰਧਾਨ ਮੰਰੀ ਕੇ ਪੀ ਸ਼ਰਮਾ ਓਲੀ ਨੂੰ ਪਾਰਟੀ ’ਚੋਂ ਕੱਢ ਦਿੱਤਾ ਹੈ।

## 2020 ਵਿੱਚ ਭਾਰਤ ਵਿੱਚ ਐਫ ਡੀ ਆਈ 13 ਫੀਸਦੀ ਵਧੀ




ਨਿਊਯਾਰਕ, 26 ਜਨਵਰੀ (ਪੋਸਟ ਬਿਊਰੋ)- ਯੂ ਐੱਨ ਓ ਨੇ ਕਿਹਾ ਹੈ ਕਿ ਡਿਜੀਟਲ ਖੇਤਰ ਵਿੱਚ ਦਿਲਚਸਪੀ ਕਾਰਨ ਭਾਰਤ ’ਚ 2020 ਵਿੱਚ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ ਡੀ ਆਈ) 13 ਫੀਸਦੀ ਵਧਿਆ ਹੈ। ਦੌਰਾਨ ਬ੍ਰਿਟੇਨ, ਅਮਰੀਕਾ ਅਤੇ ਰੂਸ ਵਰਗੀਆਂ ਪ੍ਰਮੁੱਖ ਅਰਥਵਿਵਸਥਾਵਾਂ ’ਚ ਪੂੰਜੀ ਦਾ ਪ੍ਰਵਾਹ ਬਹੁਤ ਤੇਜ਼ੀ ਨਾਲ ਘਟਿਆ ਹੈ।

ਯੂ ਐੱਨ ਨੇ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਦੌਰਾਨ ਭਾਰਤ ਅਤੇ ਚੀਨ ਨੇ ਵਿਦੇਸ਼ੀ ਪੂੰਜੀ ਨੂੰ ਆਕਰਸ਼ਿਤ ਕੀਤਾ। ਵਪਾਰ ਅਤੇ ਵਿਕਾਸ ਬਾਰੇ ਯੂ ਐੱਨ ਓ ਸੰਮੇਲਨ (ਅੰਕਟਾਡ) ਵੱਲੋਂ ਜਾਰੀ ਇੱਕ ਰਿਪੋਰਟ ਮੁਤਾਬਕ 2020 ’ਚ ਗਲੋਬਲ ਪੱਧਰ ’ਤੇ ਵਿਦੇਸ਼ੀ ਪ੍ਰਤੱਖ ਨਿਵੇਸ਼ ਦੇ 42 ਫੀਸਦੀ ਘੱਟਕੇ 859 ਅਰਬ ਅਮਰੀਕੀ ਡਾਲਰ ਰਹਿਣ ਦਾ ਅੰਦਾਜ਼ਾ ਹੈ, ਜੋ 2019 ’ਚ 1500 ਅਰਬ ਡਾਲਰ ਸੀ। ਪਿਛਲੀ ਵਾਰ ਇੰਨਾ ਹੇਠਲਾ ਪੱਧਰ 1990 ਦੇ ਦਹਾਕੇ ’ਚ ਦੇਖਿਆ ਗਿਆ ਸੀ ਅਤੇ ਇਹ ਗਿਰਾਵਟ 2008-09 ਦੇ ਗਲੋਬਲ ਵਿੱਤੀ ਸੰਕਟ ਦੇ ਮੁਕਾਬਲੇ 30 ਫੀਸਦੀ ਵੱਧ ਹੈ। ਅੰਕਟਾਡ ਨੇ ਕਿਹਾ ਕਿ ਐਫ ਡੀ ਆਈ ’ਚ ਗਿਰਾਵਟ ਖਾਸ ਤੌਰ ’ਤੇ ਵਿਕਸਤ ਦੇਸ਼ਾਂ ’ਚ ਦੇਖਣ ਨੂੰ ਮਿਲੀ, ਜਿੱਥੇ ਅਨੁਮਾਨ ਮੁਤਾਬਕ ਪੂੰਜੀ ਪ੍ਰਵਾਹ 69 ਫੀਸਦੀ ਘਟਕੇ 229 ਅਰਬ ਡਾਲਰ ਰਹਿ ਗਿਆ। ਦੂਸਰੇ ਪਾਸੇ ਡਿਜੀਟਲ ਖੇਤਰ ਵਿੱਚ ਭਾਰਤ ’ਚ ਐਫ ਡੀ ਆਈ 13 ਫੀਸਦੀ ਵਧਿਆ ਹੈ। ਰਿਪੋਰਟ ਮੁਤਾਬਕ ਦੁਨੀਆ ’ਚ ਸਭ ਤੋਂ ਵੱਧ ਐਫ ਡੀ ਆਈ ਚੀਨ ’ਚ ਆਇਆ ਅਤੇ ਇੱਥੇ ਪੂੰਜੀ ਪ੍ਰਵਾਹ ਚਾਰ ਫੀਸਦੀ ਵਧਕੇ 163 ਅਰਬ ਡਾਲਰ ਹੋ ਗਿਆ।

## ਭਾਰਤ ਨੇ ਨੇਪਾਲ ਤੇ ਬੰਗਲਾ ਦੇਸ਼ ਨੂੰ ਕੋਵਿਡ-19 ਟੀਕੇ ਦੀਆਂ 30 ਲੱਖ ਤੋਂ ਵੱਧ ਖੁਰਾਕਾਂ ਭੇਜੀਆਂ



ਢਾਕਾ, 26 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਗ੍ਰਾਂਟ ਵਜੋਂ ਨੇਪਾਲ ਅਤੇ ਬੰਗਲਾ ਦੇਸ਼ ਨੂੰ ਕੋਵਿਡ 19 ਟੀਕੇ ਦੀਆਂ ਤੀਹ ਲੱਖ ਖੁਰਾਕਾਂ ਭੇਜੀਆਂ ਹਨ। ਨੇਪਾਲ ਨੂੰ ਕੋਵਾਸ਼ੀਲਡ ਦੀਆਂ 10 ਲੱਖ ਅਤੇ ਬੰਗਲਾ ਦੇਸ਼ ਨੂੰ ਵੀਹ ਲੱਖ ਖੁਰਾਕਾਂ ਭੇਜੀਆਂ ਗਈਆਂ ਹਨ। ਬੰਗਲਾ ਦੇਸ਼ ਨੂੰ ਇਹ ਟੀਕੇ ਉਸ ਮਹੱਤਵਪੂਰਨ ਸਮੇਂ ’ਤੇ ਦਿੱਤੇ ਗਏ ਹਨ, ਜਦ ਓਥੇ ਕੋਰੋਨਾ ਦੇ ਕੇਸਾਂ ਦੀ ਗਿਣਤੀ ਵਿੱਚ ਵਾਧਾ ਜਾਰੀ ਹੈ ਅਤੇ ਕੱਲ੍ਹ ਤੱਕ ਇਹ ਗਿਣਤੀ 5,29,687 ਤੱਕ ਪਹੁੰਚ ਗਈ ਸੀ।

ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਡਾਕਟਰ ਏ ਕੇ ਅਬਦੁਲ ਮੋਮੇਨ ਨੇ ਕਿਹਾ ਕਿ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਈਸਵਾਮੀ ਨੇ ਟੀਕੇ ਉਨ੍ਹਾਂ ਨੂੰ ਸੌਂਪ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਰਤ (1971) ਮੁਕਤੀ ਜੰਗ ਦੌਰਾਨ ਬੰਗਲਾ ਦੇਸ਼ ਦੇ ਨਾਲ ਖੜ੍ਹਾ ਸੀ ਅਤੇ ਅੱਜ ਜਦੋਂ ਮਹਾਮਾਰੀ ਦਾ ਕਹਿਰ ਹੈ, ਭਾਰਤ ਫਿਰ ਟੀਕਿਆਂ ਦੀ ਸੌਗਾਤ ਲੈ ਕੇ ਆਇਆ ਹੈ। ਭਾਰਤ ਨੇ ਬੁੱਧਵਾਰ ਭੂਟਾਨ ਨੂੰ ਕੋਵਾਸ਼ੀਲਡ ਦੀਆਂ 1,50,000 ਅਤੇ ਮਾਲਦੀਵ ਨੂੰ 1,00,000 ਖੁਰਾਕਾਂ ਭੇਜੀਆਂ ਸਨ।

## ਸਰਟੀਫਿਕੇਟ ਤੋਂ ਬਿਨਾਂ ਵਟਸਐਪ ਮੈਸੇਜ ਕੋਈ ਸਬੂਤ ਨਹੀਂ ਹੁੰਦਾ: ਕੋਰਟ



ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਕੇਸ ਦੀ ਸੁਣਵਾਈ ਦੌਰਾਨ ਸਾਫ ਕਰ ਦਿੱਤਾ ਹੈ ਕਿ ਇੰਡੀਅਨ ਐਵੀਡੈਂਸ ਐਕਟ ਦੇ ਸੈਕਸ਼ਨ 65 ਬੀ ਹੇਠ ਜੇ ਸਰਟੀਫਿਕੇਟ ਨਹੀਂ ਲਿਆ ਜਾਂਦਾ ਤਾਂ ਵਟਸਐਪ ਮੈਸੇਜ ਜਾਂ ਕਿਸੇ ਵੀ ਇਲੈਕਟ੍ਰੋਨਿਕ ਸਬੂਤ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਦੀ ਜਸਟਿਸ ਜੈਸ੍ਰੀ ਠਾਕੁਰ ਨੇ ਇਹ ਹੁਕਮ ਐਨ ਡੀ ਪੀ ਐਸ ਕੇਸ ਵਿੱਚ ਪਟਿਆਲਾ ਦੇ ਵਾਸੀ ਆਰ ਕੇ ਸਿੰਗਲਾ ਦੀ ਰੈਗੂਲਰ ਜ਼ਮਾਨਤ ਦੀ ਮੰਗ ’ਤੇ ਸੁਣਵਾਈ ਦੌਰਾਨ ਦਿੱਤਾ ਹੈ। ਸਿੰਗਲਾ ਨੇ ਕਿਹਾ ਸੀ ਕਿ ਉਸ ਨੂੰ ਨਸ਼ੇ ਦੇ ਇੱਕ ਕੇਸ ਵਿੱਚ ਫੜੀ ਗਈ ਮਹਿਲਾ ਦੇ ਬਿਆਨ ’ਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਗ੍ਰਿਫਤਾਰ ਕੀਤਾ ਸੀ। ਉਸ ਨੇ ਕਿਹਾ ਕਿ ਕੇਵਲ ਕਿਸੇ ਦੇ ਬਿਆਨ ਉੱਤੇ ਉਸ ਨੂੰ ਕੇਸ ਵਿੱਚ ਨਹੀਂ ਘਸੀਟਿਆ ਜਾ ਸਕਦਾ।ਐਨ ਸੀ ਬੀ ਨੇ ਕਿਹਾ ਕਿ ਪਰਮਜੀਤ ਕੌਰ ਅਤੇ ਆਰ ਕੇ ਸਿੰਗਲਾ ਵਿਚਾਲੇ ਵਟਸਐਪ ਸੰਦੇਸ਼ਾਂ ਦੇ ਸਕਰੀਨਸ਼ਾਟ ਦਾ ਰਿਕਾਰਡ ਐਨ ਸੀ ਬੀ ਦੇ ਕੋਲ ਹੈ। ਇਸ ਉੱਤੇ ਹਾਈ ਕੋਰਟ ਨੇ ਐਨ ਸੀ ਬੀ ਤੋਂ ਇਹ ਪੁੱਛਿਆ ਕਿ ਕੀ ਇੰਡੀਅਨ ਐਵੀਡੈਂਸ ਐਕਟ ਹੇਠ ਵਟਸਐਪ ਸੰਦੇਸ਼ਾਂ ਦੇ ਸਕਰੀਨਸ਼ਾਟ ਦਾ ਸੈਕਸ਼ਨ 65 ਬੀ ਦਾ ਸਰਟੀਫਿਕੇਟ ਹੈ। ਐਨ ਸੀ ਬੀ ਨੇ ਜਵਾਬ ਵਿੱਚ ਨਾ ਕਿਹਾ ਤਾਂ ਕੋਰਟ ਨੇ ਕਿਹਾ ਕਿ ਇਨ੍ਹਾਂ ਮੈਸੇਜਾਂ ਦੀ ਸਬੂਤ ਵਜੋਂ ਕੋਈ ਮਾਨਤਾ ਨਹੀਂ। ਕੋਰਟ ਨੇ ਪਟੀਸ਼ਨਰ ਨੂੰ 10 ਲਖ ਰੁਪਏ ਜਮ੍ਹਾਂ ਕਰਵਾਉਣ ਦੇ ਨਾਲ ਰੈਗੂਲਰ ਜ਼ਮਾਨਤ ਦੇ ਦਿੱਤੀ।

# ਅਮਰੀਕਾ ਵਿੱਚ ਬੱਚਿਆਂ ’ਚ ਡਿਪਰੈਸ਼ਨ ਤੇ ਖੁਦਕੁਸ਼ੀ ਦੇ ਮਾਮਲੇ ਵਧੇ

ਨਿਊ ਯਾਰਕ, 26 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਨੇਵਾਦਾ ਦੇ ਕਲਾਰਕ ਕਾਉਂਟੀ ਦੇ ਬੱਚੇ ਇਨ੍ਹੀਂ ਦਿਨੀਂ ਮਹਾਮਾਰੀ ਕਾਰਨ ਪੈਦਾ ਹੋਈਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹਨ। ਮਾਰਚ 2020 ਵਿੱਚ ਸਕੂਲ ਬੰਦ ਹੋਣ ਦੇ ਬਾਅਦ ਤੋਂ ਕਾਉਂਟੀ ਦਫਤਰ ਵਿੱਚ ਅਜਿਹੇ 3100 ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਬੱਚਿਆਂ ਦੀ ਮਾਨਸਿਕ ਸਿਹਤ ’ਤੇ ਅਸਰ ਪੈਂਦਾ ਦਿਸਿਆ। ਇਨ੍ਹਾਂ ਵਿੱਚ ਆਤਮ ਹੱਤਿਆ ਦਾ ਵਿਚਾਰ, ਖੁਦ ਨੂੰ ਨੁਕਸਾਨ ਪਹੁੰਚਾਉਣ ਵਰਗੇ ਕੇਸ ਵੱਧ ਸਨ। 18 ਦਸੰਬਰ ਦੇ ਬਾਅਦ ਤੋਂ ਬੱਚਿਆਂ ਨੇ ਖੁਦ ਦੀ ਜਾਨ ਲੈਣੀ ਵੀ ਸ਼ੁਰੂ ਕਰ ਦਿੱਤੀ ਹੈ।



ਲਾਸ ਵੇਗਾਸ ਦੇ ਨੇੜੇ ਬੱਚਿਆਂ ਵੱਲੋਂ ਆਤਮਹੱਤਿਆ ਕਰਨ ਦੇ ਵਧਦੇ ਕੇਸਾਂ ਨੂੰ ਦੇਖਦੇ ਹੋਏ ਕਾਉਂਟੀ ਦਫਤਰ ਬੱਚਿਆਂ ਨੂੰ ਪਹਿਲਾਂ ਦੀ ਸਥਿਤੀ ਵਿੱਚ ਲਿਆਉਣ ਵਿੱਚ ਰੁੱਝ ਗਿਆ ਹੈ। ਇਸੇ ਮਹੀਨੇ ਸਕੂਲ ਬੋਰਡ ਨੇ ਫਿਰ ਗ੍ਰੇਡ ਸਕੂਲ ਖੋਲ੍ਹਣ ਦੇ ਬਾਰੇ ਹਰੀ ਝੰਡੀ ਦੇ ਦਿੱਤੀ ਹੈ। ਇਹ ਇਸ ਲਈ ਜ਼ਰੂਰੀ ਹੋ ਗਿਆ ਸੀ, ਕਿਉਂਕਿ ਲਾਸ ਵੇਗਾਸ ਵਿੱਚ ਕੋਰੋਨਾ ਲਾਗ ਅਤੇ ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਤੋਂ ਕਿਤੇ ਵੱਧ ਗਿਣਤੀ ਇਨ੍ਹਾਂ ਪੀੜਤ ਬੱਚਿਆਂ ਦੀ ਸੀ। ਕੁਝ ਸੂਬਿਆਂ ਵਿੱਚ ਲੋਕਾਂ ਦੀ ਸਿਹਤ, ਅਧਿਆਪਕਾਂ ਅਤੇ ਦੂਸਰੇ ਸਕੂਲ ਸਟਾਫ ਦੇ ਬਿਮਾਰ ਹੋਣ ਅਤੇ ਕੁਝ ਮਾਮਲਿਆਂ ਵਿੱਚ ਹੋਈਆਂ ਮੌਤਾਂ ਦੇ ਮੱਦੇਨਜ਼ਰ ਸਕੂਲਾਂ ਨੂੰ ਬੰਦ ਕੀਤਾ ਗਿਆ ਸੀ, ਪਰ ਬੱਚਿਆਂ ਵਿੱਚ ਖੁਦਕੁਸ਼ੀ ਦੇ ਕੇਸਾਂ ਨੂੰ ਵਧਦਾ ਦੇਖ ਕੇ ਸਕੂਲ ਫਿਰ ਤੋਂ ਖੋਲ੍ਹਣ ’ਤੇ ਵਿਚਾਰ ਕਰਨਾ ਪਿਆ ਹੈ। ਅਮਰੀਕਾ ਦੇ ਚਾਲੀ ਸੂਬਿਆਂ ਵਿੱਚ ਹਰ ਉਮਰ ਵਰਗ ਵਿੱਚ ਮਾਨਸਿਕ ਪ੍ਰੇਸ਼ਾਨੀਆ ਦੇ ਕਾਰਨ ਐਮਰਜੈਂਸੀ ਦੇ ਟਾਈਮ ਵੱਧ ਰਹੇ ਹਨ।ਕਲਾਰਕ ਕਾਉਂਟੀ ਵਿੱਚ ਬੀਤੇ ਨੌਂ ਮਹੀਨਿਆਂ ਵਿੱਚ ਆਤਮਹੱਤਿਆ ਦੇ 18 ਮਾਮਲੇ ਸਾਹਮਣੇ ਆਏ, ਜਦੋਂਕਿ ਬੀਤੇ ਸਾਲ ਸਿਰਫ ਨੌਂ ਸਨ। ਇਨ੍ਹਾਂ ਵਿੱਚੋਂ ਇੱਕ ਵਿਦਿਆਰਥੀ ਨੇ ਨੋਟ ਛੱਡਿਆ ਸੀ ਕਿ ਉਹ ਆਉਣ ਵਾਲੇ ਸਮੇਂ ਦੇ ਬਾਰੇ ਕੁਝ ਸੋਚ ਨਹੀਂ ਪਾ ਰਿਹਾ। ਕਲਾਰਕ ਕਾਉਂਟੀ ਦੇ ਪ੍ਰਸ਼ਾਸਨ ਸੁਪਰਡੈਂਟ ਡਾਕਟਰ ਜੇਮਸ ਜਾਰਾ ਕਹਿੰਦੇ ਹਨ, “ਮੈਨੂੰ ਲੱਗਦਾ ਹੈ ਕਿ ਇਹ ਸਾਰੇ ਸਾਡੇ ਬੱਚੇ ਹਨ, ਬੱਚਿਆਂ ਦਾ ਜੀਵਨ ਅਤੇ ਭਵਿੱਖ ਬਚਾਉਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ।”




ਕੈਨੇਡੀਅਨ ਪੰਜਾਬੀ ਪੋਸਟ

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Signature.ca
Call Us For Guaranteed Lowest Airfare
ANY Airline Time Destination Around the World
ticoca IATA
WESTJET vacations
transat, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿਖ ਲੜਕਾ, ਉਮਰ 28 ਸਾਲ, ਕੱਦ 5'7", ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਏ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Top 1% Ranked In* Broker

Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) (2010) **(2014)
** Based on Commissions earned

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage
(Independently Owned and Operated)
Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ


CALEDON




## ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ । ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ । ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ ।

BRAMPTON



## ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ । ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ । ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੂਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ ।


BRAMPTON



## ਹਾਈਵੇ 10 / ਮੇਅਫਿਲਡ ਰੋਡ

ਬਰੈਂਪਟਨ ਵਿੱਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ। ਇਨ ਗਰਾਂਊਂਡ ਸਵਿਮਿੰਗ ਪੂਲ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। ਫਿਨੀਸ਼ਡ ਬੇਸਮੈਂਟ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਟੇਨਲੈਸ ਸਟੀਲ ਅਪਲਾਈਨਸੈਸ, ਅਤੇ ਬਰੇਕਫਾਸਟ ਏਰੀਆ ਪਿਛੇ ਬੈਕਯਾਰਡ ਵਿੱਚ ਬਣੇ ਪੂਲ ਨੂੰ ਜਾਂਦਾ ਹੈ। ਸਾਰੀਆਂ ਸਹੂਲਤਾਂ ਦੇ ਨੇੜੇ ।

BRAMPTON



## ਵੈਨਕ੍ਰਿਕ / ਵੈਨਲੇਸ / ਸੈਂਡਲਵੂਡ

ਬਹੁਤ ਹੀ ਸੋਹਣਾ ਅਤੇ ਸ਼ਾਨਦਾਰ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ। ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਵਧੀਆ ਮੌਕਾ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ ਹੈ। ਦੂਜੀ ਫਲੋਰ 2019 ਵਿੱਚ ਲੈਮੀਨੇਟ ਕੀਤੀ ਹੈ । ਰੂਫ ਸ਼ਿੰਗਲ 2017 ਵਿੱਚ ਬਦਲਿਆ ਹੈ । ਵੂਡ ਸਟੇਅਰ ਕੇਸ ਅਤੇ ਬਹੁਤ ਹੀ ਸੋਹਣੀ ਈਟ ਈਨ ਕਿਚਨ ਜਿਸ ਵਿੱਚ ਡਿਸ਼ਵਾਸ਼ਰ ਹੈ ਅਤੇ ਬਰੈਕ ਫਾਸਟ ਏਰੀਏ ਤੋਂ ਤੁਸੀ ਪੇਟੀਓ ਵਿੱਚ ਜਾ ਸਕਦੇ ਹੋ।

BRAMPTON




## ਕਵੀਨ ਸਟ੍ਰੀਟ / ਸੈਂਟ੍ਰਲ ਪਾਕਵੈ

ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈੱਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜਟ; ਬਹੁਤ ਸਾਰੀ ਸਟੋਰੇਜ ਹਨ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਣਾ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੇਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੇਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ





SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੇਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044









# FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-3338

10 Pannahill Dr,
Brampton
905 913-8017